# ਸੈਕੰਡਰੀ ਸਕੂਲ ਸਥਾਨ ਵੰਡ ਪ੍ਰਣਾਲੀ 2023/2025
# (ਸਤੰਬਰ 2025 ਵਿੱਚ ਸੈਕੰਡਰੀ 1 ਵਿੱਚ ਦਾਖਲੇ ਲਈ)
# ਅਕਸਰ ਪੁੱਛਣ ਵਾਲੇ ਸਵਾਲ

## ਇਖਤਿਆਰੀ ਸਥਾਨ

**(1) ਪ੍ਰ ਇਖਤਿਆਰੀ ਸਥਾਨ (DP) ਕੀ ਹਨ?**

ਉ DP ਸੈਕੰਡਰੀ 1 (S1) ਸਥਾਨ ਜੋ ਸੈਕੰਡਰੀ ਸਕੂਲਾਂ ਦੁਆਰਾ ਵਿਦਿਆਰਥੀਆਂ ਦੇ ਆਪਣੇ ਇਖਤਿਆਰ ਅਨੁਸਾਰ ਦਾਖਲੇ ਲਈ ਨਿਰਧਾਰਤ ਕੀਤੇ ਗਏ ਸਨ। ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਕੈਪੁਟ ਸੈਕੰਡਰੀ ਸਕੂਲ DP ਦੇ ਤੌਰ ਤੇ S1 ਸਥਾਨਾਂ ਲਈ 30% ਤੋਂ ਵੱਧ ਸਥਾਨ ਨਿਰਧਾਰਤ ਨਹੀਂ ਰੱਖ ਸਕਦੇ, ਅਤੇ ਸੈਕੰਡਰੀ ਸਕੂਲ ਸਥਾਨ ਵੰਡ (SSPA) ਪ੍ਰਣਾਲੀ ਵਿੱਚ ਭਾਗ ਲੈਣ ਵਾਲੇ ਡਾਇਰੈਕਟ ਸਬਸਿਡੀ ਸਕੀਮ ਤਹਿਤ (DSS) ਸੈਕੰਡਰੀ ਸਕੂਲ ਆਪਣੇ S1 ਸਥਾਨਾਂ ਦੇ 30% ਤੋਂ ਵੱਧ DP ਦੇ ਦੇ ਰੂਪ ਵਿੱਚ ਨਿਰਧਾਰਤ ਕਰ ਸਕਦੇ ਹਨ।

**(2) ਪ੍ਰ DP ਲਈ ਬਿਨੈ-ਪੱਤਰ ਦੇਣ ਦੀ ਪ੍ਰਕਿਰਿਆ ਕੀ ਹੈ?**

ਉ ਇਸ ਚੱਕਰ ਲਈ DP ਬਿਨੈ-ਪੱਤਰ ਦੇਣ ਦੀ ਮਿਆਦ 2 ਜਨਵਰੀ (ਵੀਰਵਾਰ) ਤੋਂ 16 ਜਨਵਰੀ, 2025 (ਵੀਰਵਾਰ) ਤੱਕ ਹੈ। SSPA ਪ੍ਰਣਾਲੀ ਵਿੱਚ ਭਾਗ ਲੈਣ ਵਾਲੇ ਸਾਰੇ ਸੈਕੰਡਰੀ ਸਕੂਲ (ਭਾਗ ਲੈਣ ਵਾਲੇ ਸੈਕੰਡਰੀ ਸਕੂਲ) ਉਸੇ ਮਿਆਦ ਦੇ ਅੰਦਰ ਬਿਨੈ-ਪੱਤਰ ਸਵੀਕਾਰ ਕਰਦੇ ਹਨ।

ਮੌਜੂਦਾ ਗੇੜ ਵਿੱਚ ਭਾਗ ਲੈਣ ਵਾਲੇ ਪ੍ਰਾਇਮਰੀ 6 (P6) ਵਿਦਿਆਰਥੀਆਂ ਦੇ ਮਾਪੇ ਦਸੰਬਰ 2024 ਦੇ ਸ਼ੁਰੂ ਵਿੱਚ ਆਪਣੇ ਬੱਚਿਆਂ ਦੇ ਪ੍ਰਾਇਮਰੀ ਸਕੂਲਾਂ ਤੋਂ ਸੈਕੰਡਰੀ ਵਨ ਇਖਤਿਆਰੀ ਸਥਾਨਾਂ ਲਈ ਬਿਨੈ-ਪੱਤਰ (Application Form) ਦੀਆਂ ਦੋ ਪੜ੍ਹਤਾਂ ਪ੍ਰਾਪਤ ਕਰਨਗੇ। ਭਾਗ ਲੈਣ ਵਾਲੇ ਪ੍ਰਾਇਮਰੀ ਸਕੂਲਾਂ ਵਿੱਚ ਨਾ ਜਾਣ ਵਾਲੇ ਵਿਦਿਆਰਥੀ ਸਿੱਖਿਆ ਬਿਊਰੋ (EDB) ਦੇ ਸਕੂਲ ਸਥਾਨਾਂ ਦੀ ਵੰਡ ਦੇ ਸੈਕਸ਼ਨ (ਪਤਾ: Podium Floor, West Block, Education Bureau Kowloon Tong Education Services Centre, 19 Suffolk Road, Kowloon Tong, Kowloon ਟੈਲੀਫੋਨ: 2832 7740 ਅਤੇ 2832 7700)5 ਦਸੰਬਰ 2024 ਤੋਂ 16 ਜਨਵਰੀ 2025 ਤੱਕ ਦਫ਼ਤਰੀ ਸਮੇਂ ਦੌਰਾਨ (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਦੁਪਹਿਰ 1:00 ਵਜੇ ਤੱਕ ਅਤੇ ਦੁਪਹਿਰ 2:00 ਵਜੇ ਤੋਂ ਸ਼ਾਮ 6:00 ਵਜੇ ਤੱਕ; ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ) ਤੋਂ Application Forms ਪ੍ਰਾਪਤ ਕਰ ਸਕਦੇ ਹਨ ।

ਇਸ ਤੋਂ ਇਲਾਵਾ, EDB ਨੇ S1 ਦਾਖਲਿਆਂ ਲਈ ਡਿਜੀਟਲਾਈਜ਼ੇਸ਼ਨ ਲਾਗੂ ਕਰ ਦਿੱਤਾ ਹੈ। SSPA e-Platform ਵਰਤੋਂਕਾਰਾਂ ਵਜੋਂ ਰਜਿਸਟਰਡ ਮਾਪਿਆਂ ਲਈ ਅਤੇ ਜਿਨ੍ਹਾਂ ਦੇ ਖਾਤੇ ਨੂੰ “iAM Smart+”[1] ਨਾਲ ਜੋੜਿਆ ਗਿਆ ਹੋਵੇ, ਕਾਗਜ਼ੀ Application Form ਤੋਂ ਇਲਾਵਾ, ਉਹ SSPA e-Platform ਦੁਆਰਾ DP ਐਪਲੀਕੇਸ਼ਨ ਜਮ੍ਹਾਂ ਕਰਾਉਣ ਦੀ ਚੋਣ ਵੀ ਕਰ ਸਕਦੇ ਹਨ। DP ਬਿਨੈ-ਪੱਤਰ ਜਮ੍ਹਾਂ ਕਰਨ ਦੇ ਵੇਰਵਿਆਂ ਲਈ, ਮਾਪੇ ਦਸੰਬਰ 2024 ਦੇ ਸ਼ੁਰੂ ਵਿੱਚ ਵੰਡੇ ਜਾਣ ਵਾਲੇ ਸੈਕੰਡਰੀ ਵਨ ਇਖਤਿਆਰੀ ਸਥਾਨਾਂ ਲਈ ਬਿਨੈ-ਪੱਤਰ ਸਬੰਧੀ ਮਾਪਿਆਂ ਲਈ ਨੋਟਸ ਦਾ ਹਵਾਲਾ ਲੈ ਸਕਦੇ ਹਨ।

[1] “iAM Smart+” ਰਜਿਸਟ੍ਰੇਸ਼ਨ ਦੇ ਵੇਰਵਿਆਂ ਲਈ, ਕਿਰਪਾ ਕਰਕੇ “iAM Smart” ਹੋਮਪੇਜ (www.iamsmart.gov.hk) 'ਤੇ ਜਾਓ (ਚੁਣੋ: Home > “iAM Smart” Registration > Registration Methods)।

ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੀਆਂ ਸੂਚੀਆਂ ਦੇ ਸਬੰਧ ਵਿੱਚ, ਮਾਪੇ ਦਸੰਬਰ 2024 ਦੇ ਸ਼ੁਰੂ ਵਿੱਚ ਪ੍ਰਾਇਮਰੀ ਸਕੂਲਾਂ ਵਿੱਚ ਵੰਡੇ ਜਾਣ ਵਾਲੇ ਸੈਕੰਡਰੀ ਵਨ ਇਖਤਿਆਰੀ ਸਥਾਨਾਂ ਲਈ ਬਿਨੈ-ਪੱਤਰ ਸਬੰਧੀ ਹੈਂਡਬੁੱਕ (Handbook) ਦਾ ਹਵਾਲਾ ਲੈ ਸਕਦੇ ਹਨ। ਮਾਪੇ EDB ਦੇ ਹੋਮਪੇਜ (www.edb.gov.hk) 'ਤੇ ਜਾ ਸਕਦੇ ਹਨ (ਚੁਣੋ: Home > Education System and Policy > Primary and Secondary Education > School Places Allocation Systems > Secondary School Places Allocation (SSPA) System) ਸੂਚੀਆਂ ਨੂੰ ਡਾਊਨਲੋਡ ਕਰਨ ਲਈ ਜਾਂ ਫੈਕਸ ਦੁਆਰਾ ਸੂਚੀਆਂ EDB ਦੇ 24-ਘੰਟੇ ਸਵੈਚਾਲਿਤ ਟੈਲੀਫੋਨ ਪੁੱਛਗਿੱਛ ਸਿਸਟਮ ਨੂੰ 2891 0088 'ਤੇ ਕਾਲ ਕਰਕੇ (ਦਬਾਓ 2 (English) > 5 (Fax Services) > 04 (Secondary School Places Allocation System: School Lists)) ਪ੍ਰਾਪਤ ਕਰ ਸਕਦੇ ਹਨ।

(3) ਪ੍ਰ **ਮਾਪੇ ਆਪਣੇ ਬੱਚੇ ਲਈ ਕਿੰਨੇ ਸੈਕੰਡਰੀ ਸਕੂਲਾਂ ਲਈ DP ਬਿਨੈ-ਪੱਤਰ ਦੇ ਸਕਦੇ ਹਨ? ਜੇਕਰ ਉਹਨਾਂ ਦਾ ਬੱਚਾ ਦੋ ਤੋਂ ਵੱਧ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਨੂੰ DP ਲਈ ਬਿਨੈ-ਪੱਤਰ ਦਿੰਦਾ ਹੈ ਤਾਂ ਇਸ ਦੇ ਕੀ ਨਤੀਜੇ ਹੋਣਗੇ?**

ਉ DP ਬਿਨੈ-ਪੱਤਰ ਜ਼ਿਲ੍ਹਿਆਂ 'ਤੇ ਪਾਬੰਦੀ ਦੇ ਅਧੀਨ ਨਹੀਂ ਹੈ। ਮਾਪੇ ਦੋ ਤੋਂ ਵੱਧ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਵਿੱਚ ਬਿਨੈ-ਪੱਤਰ ਨਹੀਂ ਦੇ ਸਕਦੇ। ਮਾਪਿਆਂ ਨੂੰ ਇਹ ਨੋਟ ਕਰਨਾ ਚਾਹੀਦਾ ਹੈ ਕਿ ਜੇਕਰ ਉਹ DP ਲਈ ਦੋ ਤੋਂ ਵੱਧ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਵਿੱਚ ਬਿਨੈ-ਪੱਤਰ ਦਿੰਦੇ ਹਨ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਹ ਬਿਨੈ-ਪੱਤਰ ਨੂੰ SSPA e-Platform ਜਾਂ ਕਾਗਜ਼ੀ ਰੂਪ ਵਿੱਚ ਬਿਨੈ-ਪੱਤਰ ਰਾਹੀਂ ਜਮ੍ਹਾਂ ਕਰਾਉਂਦੇ ਹਨ, **ਤਾਂ ਉਹਨਾਂ ਦੀ DP ਬਿਨੈ-ਪੱਤਰ ਨੂੰ ਅਵੈਧ ਕਰ ਦਿੱਤਾ ਜਾਵੇਗਾ**।

ਵਿਦਿਆਰਥੀ/ਮਾਪਿਆਂ ਦੁਆਰਾ ਪ੍ਰਾਪਤ ਕੀਤੇ ਦੋ Application Form ਵਿੱਚੋਂ, ਇੱਕ ਵਿੱਚ ਸਕੂਲਾਂ ਦੀ ਤਰਜੀਹ ਦੇ ਕ੍ਰਮ 1 ਅਤੇ ਦੂਜੇ ਵਿੱਚ ਸਕੂਲਾਂ ਦੀ ਤਰਜੀਹ ਦੇ ਕ੍ਰਮ 2 ਹੈ। ਸਕੂਲ ਦੀ ਤਰਜੀਹ ਦਾ ਕ੍ਰਮ 1 ਵਿਦਿਆਰਥੀ ਦੀ ਪਹਿਲੀ ਪਸੰਦ ਲਈ ਹੈ ਅਤੇ ਸਕੂਲ ਦੀ ਤਰਜੀਹ ਦਾ ਕ੍ਰਮ 2 ਵਿਦਿਆਰਥੀ ਦੀ ਦੂਜੀ ਪਸੰਦ ਲਈ ਹੈ। ਹਰੇਕ Application Form ਵਿੱਚ ਮੌਜੂਦ ਵਿਲੱਖਣ ਐਪਲੀਕੇਸ਼ਨ ਨੰਬਰ ਦੇ ਆਧਾਰ 'ਤੇ, EDB ਹਰੇਕ ਵਿਦਿਆਰਥੀ ਦੇ ਪਹਿਲੇ ਅਤੇ ਦੂਜੇ ਵਿਕਲਪ (ਕਾਗਜ਼ੀ Application Form ਅਤੇ SSPA e-Platform ਰਾਹੀਂ ਜਮ੍ਹਾਂ ਕੀਤੇ ਬਿਨੈ-ਪੱਤਰਾਂ ਨੂੰ ਉਸੇ ਸਕੂਲ ਦੀ ਤਰਜੀਹ ਦੇ ਕ੍ਰਮ ਵਿੱਚ ਉਸੇ ਐਪਲੀਕੇਸ਼ਨ ਨੰਬਰ ਵਿੱਚ ਰੱਖਦਾ ਹੈ) ਦਾ ਪਤਾ ਲਗਾਏਗਾ।

ਮਾਤਾ-ਪਿਤਾ ਨੂੰ ਇੱਕ ਹੀ ਬੱਚੇ ਲਈ SSPA e-Platform ਅਤੇ ਕਾਗਜ਼ੀ ਡੁਪਲੀਕੇਟ Application Form ਜਮ੍ਹਾਂ ਨਹੀਂ ਕਰਨਾ ਚਾਹੀਦਾ। ਜੇਕਰ ਮਾਤਾ-ਪਿਤਾ ਨੇ ਡੁਪਲੀਕੇਟ ਬਿਨੈ-ਪੱਤਰਾਂ ਜਮ੍ਹਾਂ ਕਰਵਾਈਆਂ ਹਨ (ਜਿਵੇਂ ਕਿ ਇੱਕੋ ਹੀ ਸੈਕੰਡਰੀ ਸਕੂਲ ਵਿੱਚ ਕਾਗਜ਼ੀ ਫਾਰਮ ਅਤੇ SSPA e-Platform ਰਾਹੀਂ ਜਮ੍ਹਾਂ ਕਰਵਾਈਆਂ ਇੱਕੋ ਐਪਲੀਕੇਸ਼ਨ ਨੰਬਰ ਵਾਲੀਆਂ ਬਿਨੈ-ਪੱਤਰਾਂ), ਤਾਂ ਇਹਨਾਂ ਬਿਨੈ-ਪੱਤਰਾਂ ਨੂੰ ਸਿਰਫ਼ ਇੱਕ ਬਿਨੈ-ਪੱਤਰ ਮੰਨਿਆ ਜਾਵੇਗਾ। ਇਸ ਲਈ, ਡੁਪਲੀਕੇਟ ਬਿਨੈ-ਪੱਤਰ ਸਕੂਲ ਨੂੰ ਅਲਾਟ ਹੋਣ ਦੀਆਂ ਸੰਭਾਵਨਾਵਾਂ ਨੂੰ ਨਹੀਂ ਵਧਾਉਂਦੀਆਂ। ਕਿਰਪਾ ਕਰਕੇ ਧਿਆਨ ਦਿਓ ਕਿ ਮਾਪਿਆਂ ਨੂੰ ਕ੍ਰਮਵਾਰ ਪੇਪਰ ਫਾਰਮ ਅਤੇ SSPA e-Platform ਰਾਹੀਂ ਵੱਖ-ਵੱਖ ਸੈਕੰਡਰੀ ਸਕੂਲਾਂ ਵਿੱਚ ਇੱਕੋ ਬਿਨੈ-ਪੱਤਰ ਨੰਬਰ ਵਾਲਾ ਬਿਨੈ-ਪੱਤਰ ਜਮ੍ਹਾ ਨਹੀਂ ਕਰਨਾ ਚਾਹੀਦਾ ਹੈ। **ਨਹੀਂ ਤਾਂ, ਉਨ੍ਹਾਂ ਦੇ ਬੱਚੇ ਦੀ DP ਪ੍ਰਾਪਤ ਕਰਨ ਦੀ ਸੰਭਾਵਨਾ ਖਤਮ ਹੋ ਜਾਵੇਗੀ।**

**(4) ਪ੍ਰ. ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਵਿੱਚ ਦੋ ਤੋਂ ਵੱਧ ਬਿਨੈ-ਪੱਤਰ ਨਾ ਦੇਣ ਤੋਂ ਇਲਾਵਾ, ਮਾਪਿਆਂ ਨੂੰ ਆਪਣੇ ਬੱਚਿਆਂ ਲਈ DP ਲਈ ਬਿਨੈ-ਪੱਤਰ ਦੇਣ ਵੇਲੇ ਕੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ?**

ਉ ਜਿਹੜੇ ਵਿਦਿਆਰਥੀ DP ਐਪਲੀਕੇਸ਼ਨ ਵਿੱਚ ਸਫਲ ਹੁੰਦੇ ਹਨ, ਉਨ੍ਹਾਂ ਨੂੰ ਕੇਂਦਰੀ ਵੰਡ (CA) ਵਿੱਚ ਸਕੂਲ ਦਾ ਸਥਾਨ ਅਲਾਟ ਨਹੀਂ ਕੀਤਾ ਜਾਵੇਗਾ। ਇਸ ਲਈ ਮਾਪਿਆਂ ਨੂੰ ਆਪਣੀ ਪਸੰਦ ਦੇ ਸਕੂਲਾਂ ਵਿੱਚ ਅਪਲਾਈ ਕਰਨਾ ਚਾਹੀਦਾ ਹੈ। ਮਾਪਿਆਂ ਨੂੰ ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ, ਇਸਦੀ ਪਰਵਾਹ ਕੀਤੇ ਬਿਨਾ ਕਿਅਰਜ਼ੀਆਂ SSPA e-Platform ਜਾਂ ਕਾਗਜ਼ੀ ਰੂਪ ਵਿੱਚ Application Form ਰਾਹੀਂ ਜਮ੍ਹਾਂ ਕੀਤੀਆਂ ਗਈਆਂ ਹੋਣ, **ਅਰਜ਼ੀਆਂ, ਇੱਕ ਵਾਰ ਜਮ੍ਹਾਂ ਹੋਣ ਤੋਂ ਬਾਅਦ, ਮੁੜ ਪ੍ਰਾਪਤ ਜਾਂ ਰੱਦ ਨਹੀਂ ਕੀਤੀਆਂ ਜਾ ਸਕਦੀਆਂ, ਅਤੇ ਸਕੂਲ ਦੀ ਤਰਜੀਹ ਦੇ ਕ੍ਰਮ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।** ਇਸ ਲਈ, ਮਾਪਿਆਂ ਨੂੰ ਬਿਨੈ-ਪੱਤਰ ਜਮ੍ਹਾਂ ਕਰਾਉਣ ਤੋਂ ਪਹਿਲਾਂ ਬਹੁਤ ਧਿਆਨ ਨਾਲ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਇੱਕ ਢੁਕਵੀਂ ਚੋਣ ਕੀਤੀ ਜਾ ਸਕੇ।

**(5) ਪ੍ਰ. ਜਦੋਂ ਮਾਪੇ ਆਪਣੇ ਬੱਚਿਆਂ ਲਈ ਸਕੂਲ ਚੁਣ ਰਹੇ ਹੋਣ ਤਾਂ ਕੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ?**

ਉ ਮਾਪਿਆਂ ਨੂੰ ਸਕੂਲ ਦੇ ਸਾਰੇ ਪਹਿਲੂਆਂ, ਜਿਵੇਂ ਕਿ ਇਸਦੇ ਵਿਦਿਅਕ ਫਲਸਫੇ, ਰਿਵਾਇਤ, ਧਰਮ, ਜਮਾਤੀ ਬਣਤਰ, ਵਿਕਾਸ ਅਤੇ ਆਚਰਣ, ਅਤੇ ਆਪਣੇ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ, ਸ਼ਖਸ਼ੀਅਤ, ਯੋਗਤਾਵਾਂ ਅਤੇ ਰੁਚੀਆਂ 'ਤੇ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਇੱਕ ਢੁਕਵੇਂ ਸਕੂਲ ਦੀ ਚੋਣ ਕੀਤੀ ਜਾ ਸਕੇ।

ਸਕੂਲ ਆਪਣੇ ਵਿਦਿਅਕ ਫਲਸਫੇ ਅਤੇ ਵਿਸ਼ੇਸ਼ਤਾਵਾਂ ਦੇ ਅਨੁਸਾਰ ਆਪਣੀ ਦਾਖਲਾ ਪ੍ਰਕਿਰਿਆ, ਦਾਖਲੇ ਦੇ ਮਾਪਦੰਡ ਅਤੇ ਅੰਕ ਦੇਣ ਬਾਰੇ ਫੈਸਲਾ ਕਰ ਸਕਦੇ ਹਨ। ਸਕੂਲ ਦੁਆਰਾ ਅਪਣਾਏ ਗਏ ਦਾਖਲੇ ਦੇ ਮਾਪਦੰਡ ਅਤੇ ਮੁਲਾਂਕਣ ਨਿਰਪੱਖ, ਬਰਾਬਰ, ਖੁੱਲ੍ਹੇ ਅਤੇ ਵਿਦਿਅਕ ਤੌਰ 'ਤੇ ਸਹੀ ਹੋਣੇ ਚਾਹੀਦੇ ਹਨ, ਅਤੇ DP ਐਪਲੀਕੇਸ਼ਨ ਤੋਂ ਪਹਿਲਾਂ ਜਨਤਕ ਕੀਤੇ ਜਾਣੇ ਚਾਹੀਦੇ ਹਨ, ਜਿਵੇਂ ਕਿ ਸਕੂਲ ਦੇ ਪ੍ਰਮੁੱਖ ਸਥਾਨ 'ਤੇ ਪ੍ਰਦਰਸ਼ਿਤ ਕਰਕੇ, ਸਕੂਲ ਦੇ ਹੋਮਪੇਜ ਉੱਪਰ ਅਪਲੋਡ ਕਰਕੇ, Secondary School Profile 'ਤੇ ਪ੍ਰਕਾਸ਼ਿਤ ਕੀਤਾ ਜਾਵੇ ਜਾਂ ਹਰੇਕ ਬਿਨੈਕਾਰ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ। ਸਕੂਲ ਇੰਟਰਵਿਊ ਲਈ ਪ੍ਰਬੰਧ ਕਰ ਸਕਦੇ ਹਨ, ਪਰ ਕਿਸੇ ਵੀ ਰੂਪ ਵਿੱਚ ਕੋਈ ਲਿਖਤੀ ਟੈਸਟ ਨਹੀਂ ਲਿਆ ਜਾਣਾ ਚਾਹੀਦਾ ਹੈ।

ਮਾਪੇ ਦਸੰਬਰ 2024 ਦੇ ਸ਼ੁਰੂ ਵਿੱਚ ਹੋਮ-ਸਕੂਲ ਕੋ-ਆਪਰੇਸ਼ਨ ਕਮੇਟੀ ਦੁਆਰਾ ਵੰਡੇ ਜਾਣ ਵਾਲੇ Secondary School Profiles ਦੀ ਮਦਦ ਲੈ ਸਕਦੇ ਹਨ, ਜਾਂ ਸਕੂਲ ਵਿੱਚ ਨਵੀਨਤਮ ਵਿਕਾਸ ਬਾਰੇ ਜਾਨਣ ਲਈ Secondary School Profiles ਹੋਮਪੇਜ ਅਤੇ ਸਕੂਲ ਦੇ ਹੋਮਪੇਜ 'ਤੇ ਜਾ ਸਕਦੇ ਹਨ।

**(6) ਪ੍ਰ. ਕਿਉਂਕਿ ਸੈਕੰਡਰੀ ਸਕੂਲਾਂ ਨੂੰ ਦਾਖਲੇ ਦੇ ਉਦੇਸ਼ ਲਈ ਕਿਸੇ ਵੀ ਰੂਪ ਵਿੱਚ ਲਿਖਤੀ ਪ੍ਰੀਖਿਆ ਲੈਣ ਦੀ ਇਜਾਜ਼ਤ ਨਹੀਂ ਹੈ, ਉਹ ਬਿਨੈਕਾਰਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਿਵੇਂ ਕਰ ਸਕਦੇ ਹਨ?**

ਉ ਬਿਨੈ-ਪੱਤਰਾਂ ਦਾ ਮੁਲਾਂਕਣ ਸਕੂਲਾਂ ਦੁਆਰਾ ਨਿਰਧਾਰਤ ਦਾਖਲੇ ਦੇ ਮਾਪਦੰਡ, ਅਤੇ ਮੁਲਾਂਕਣ ਜਿਵੇਂ ਕਿ, ਵਿਦਿਆਰਥੀ ਦੇ ਅਕਾਦਮਿਕ ਅਤੇ ਗੈਰ-ਅਕਾਦਮਿਕ ਕਾਰਗੁਜ਼ਾਰੀ ਦੇ ਆਧਾਰ 'ਤੇ ਕੀਤਾ ਜਾਵੇਗਾ। ਕੁਝ ਸਕੂਲ ਦਾਖਲੇ ਲਈ ਢੁਕਵੇਂ ਵਿਦਿਆਰਥੀਆਂ ਦੀ ਚੋਣ ਕਰਨ ਲਈ ਬਿਨੈਕਾਰਾਂ ਦੀਆਂ ਯੋਗਤਾਵਾਂ, ਰੁਚੀਆਂ ਅਤੇ ਸੰਭਾਵਨਾਵਾਂ ਨੂੰ ਸਮਝਣ ਲਈ ਇੰਟਰਵਿਊ ਦੀ ਵਰਤੋਂ ਵੀ ਕਰਨਗੇ।

**(7) ਪ੍ਰ DP ਲਈ ਬਿਨੈ ਕਰਦੇ ਸਮੇਂ, ਉਹ ਕਿਹੜੇ ਦਸਤਾਵੇਜ਼ ਹਨ ਜੋ ਅਪਲਾਈ ਕਰਨ ਵਾਲੇ ਸੈਕੰਡਰੀ ਸਕੂਲ ਵਿੱਚ ਜਮ੍ਹਾਂ ਕਰਵਾਉਣੇ ਪੈਂਦੇ ਹਨ?**

ੳ ਕਾਗਜੀ ਰੂਪ ਵਿੱਚ ਐਪਲੀਕੇਸ਼ਨ ਜਮ੍ਹਾਂ ਕਰਵਾਉਣ ਵਾਲੇ ਮਾਪਿਆਂ ਲਈ, ਜਮ੍ਹਾਂ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਵਿੱਚ ਸੈਕੰਡਰੀ ਵਨ ਇਖਤਿਆਰੀ ਸਥਾਨ ਲਈ ਐਪਲੀਕੇਸ਼ਨ ਫਾਰਮ ਅਤੇ ਸਬੰਧਤ ਸਕੂਲ ਦੁਆਰਾ ਲੋੜੀਂਦੇ ਦਸਤਾਵੇਜ਼ ਸ਼ਾਮਲ ਹੋਣੇ ਚਾਹੀਦੇ ਹਨ, ਜਿਵੇਂ ਕਿ ਵਿਦਿਆਰਥੀ ਦਾ ਸਕੂਲ ਰਿਪੋਰਟ ਕਾਰਡ, ਪੁਰਸਕਾਰ ਜਾਂ ਇਨਾਮ, ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਅਤੇ ਜਨਤਕ ਸੇਵਾਵਾਂ ਦੇ ਰਿਕਾਰਡ ਜਾਂ ਸਰਟੀਫਿਕੇਟ। ਤੁਰੰਤ ਉਪਲਬਧ ਨਾ ਹੋ ਸਕਣ ਵਾਲੀ ਜਾਣਕਾਰੀ, ਜਿਵੇਂ ਕਿ ਐਲੀਮੈਂਟਰੀ ਸਕੂਲਾਂ ਤੋਂ ਸਿਫਾਰਿਸ਼ ਪੱਤਰ, ਅਤੇ ਨਾਲ ਹੀ ਵਿਦਿਆਰਥੀ ਦੇ ਸਕੋਰ ਜਾਂ ਵਿਅਕਤੀਗਤ ਵਿਸ਼ਿਆਂ ਵਿੱਚ ਰੈਂਕ, ਨੂੰ ਜਮ੍ਹਾਂ ਕਰਾਉਣ ਦੀ ਲੋੜ ਨਹੀਂ ਹੈ।

ਜੇਕਰ ਮਾਪੇ ਸਕੂਲ ਦੀ ਤਰਜੀਹ ਦੇ ਕ੍ਰਮ (ਸਕੂਲ ਦੀ ਤਰਜੀਹ ਦਾ ਕ੍ਰਮ 1 ਜਾਂ ਸਕੂਲ ਦੀ ਤਰਜੀਹ ਦਾ ਕ੍ਰਮ 2) ਵਿੱਚ ਤਰਜੀਹੀ ਸੈਕੰਡਰੀ ਸਕੂਲਾਂ ਦੀ ਚੋਣ ਕਰਨ 'ਤੇ, SSPA e-Platform ਰਾਹੀਂ DP ਅਰਜ਼ੀ ਜਮ੍ਹਾਂ ਕਰਾਉਂਦੇ ਹਨ, ਉਨ੍ਹਾਂ ਨੂੰ ਪਹਿਲਾਂ ਵਿਦਿਆਰਥੀ ਦੇ ਪਛਾਣ ਦਸਤਾਵੇਜ਼ ਅਪਲੋਡ ਕਰਨੇ ਪੈਣਗੇ, ਫਿਰ ਦਸਤਾਵੇਜ਼ ਅਪਲੋਡ ਕਰਨੇ ਹੋਣਗੇ। ਸੈਕੰਡਰੀ ਸਕੂਲ ਦੁਆਰਾ ਦਸਤਾਵੇਜ਼ ਸ਼੍ਰੇਣੀ ਦੇ ਆਧਾਰ 'ਤੇ ਸੰਬੰਧਿਤ ਫੋਲਡਰਾਂ ਲਈ ਲੋੜੀਂਦਾ ਹੈ (ਉਦਾਹਰਨ ਲਈ, ਪੂਰਾ ਕੀਤਾ ਸਕੂਲ-ਅਧਾਰਿਤ ਅਰਜ਼ੀ ਫਾਰਮ, ਰਿਪੋਰਟ ਕਾਰਡਾਂ ਦੀਆਂ ਕਾਪੀਆਂ ਅਤੇ ਸਰਟੀਫਿਕੇਟ ਅਤੇ ਅਵਾਰਡਾਂ ਦੇ ਰਿਕਾਰਡ), ਅਤੇ ਬਿਨੈ-ਪੱਤਰ ਨੂੰ ਪੂਰਾ ਕਰਨ ਲਈ "iAM Smart+" ਨਾਲ ਡਿਜੀਟਲ ਤੌਰ 'ਤੇ ਦਸਤਖਤ ਕਰਨੇ ਪੈਣਗੇ।

**(8) ਪ੍ਰ ਜੇਕਰ ਇੱਕ ਵਿਦਿਆਰਥੀ ਨੇ ਦੋ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਵਿੱਚ ਬਿਨੈ-ਪੱਤਰ ਦਿੱਤਾ ਹੈ ਅਤੇ ਉਹਨਾਂ ਦੋਹਾਂ ਦੁਆਰਾ ਸਵੀਕਾਰ ਕਰ ਲਿਆ ਗਿਆ ਹੈ, ਤਾਂ DP ਅਲਾਟ ਕਰਨ ਲਈ ਕੀ ਮਾਪਦੰਡ ਹਨ?**

ੳ ਹਰੇਕ Application Form ਦੇ ਵਿਲੱਖਣ ਅਰਜੀ ਨੰਬਰ ਦੇ ਆਧਾਰ 'ਤੇ, EDB ਹਰੇਕ ਵਿਦਿਆਰਥੀ ਦੇ ਪਹਿਲੇ ਅਤੇ ਦੂਜੇ ਵਿਕਲਪ (ਕਾਗਜੀ Application Form ਅਤੇ SSPA e-Platform ਦੁਆਰਾ ਜਮ੍ਹਾ ਕੀਤੇ ਇੱਕ ਬਿਨੈ-ਪੱਤਰ ਸਮਾਨ ਸਕੂਲ ਦੀ ਤਰਜੀਹ ਦੇ ਕ੍ਰਮ ਦੇ ਨਾਲ ਬਿਨੈ-ਪੱਤਰ ਦਾ ਉਹੀ ਅਰਜੀ ਨੰਬਰ ਰੱਖਦਾ ਹੈ)) ਦਾ ਪਤਾ ਲਗਾਏਗਾ। ਫਿਰ EDB ਸਕੂਲਾਂ ਦੀਆਂ ਇਖਤਿਆਰੀ ਸਥਾਨਾਂ ਦੀਆਂ ਸਫਲ/ਰਿਜ਼ਰਵ ਸੂਚੀਆਂ ਨਾਲ ਵਿਦਿਆਰਥੀਆਂ ਦੀਆਂ ਤਰਜੀਹਾਂ ਦਾ ਮੇਲ ਕਰੇਗਾ। ਜੇਕਰ ਕੋਈ ਵਿਦਿਆਰਥੀ ਦੋਵਾਂ ਸਕੂਲਾਂ ਵਿੱਚ ਸਫਲ ਹੁੰਦਾ ਹੈ ਜਿੱਥੇ ਉਹ ਵਿਦਿਆਰਥੀ/ਵਿਦਿਆਰਥਣ ਅਪਲਾਈ ਕਰਦਾ ਹੈ, ਤਾਂ ਵੰਡ ਵਿਦਿਆਰਥੀ ਦੀ ਤਰਜੀਹ ਦੇ ਕ੍ਰਮ 'ਤੇ ਆਧਾਰਿਤ ਹੋਵੇਗੀ। ਦੂਜੇ ਸ਼ਬਦਾਂ ਵਿੱਚ, ਵਿਦਿਆਰਥੀ ਨੂੰ ਉਸਦਾ/ਉਸਦੀ ਪਹਿਲੀ ਪਸੰਦ ਅਨੁਸਾਰ ਵੰਡ ਕੀਤੀ ਜਾਵੇਗੀ।

ਜੇਕਰ ਇੱਕ ਮਾਤਾ-ਪਿਤਾ ਨੇ ਇੱਕ ਸੈਕੰਡਰੀ ਸਕੂਲ ਵਿੱਚ ਬਿਨੈ-ਪੱਤਰ ਦਿੱਤਾ ਹੈ ਜੋ ਆਖਿਰਕਾਰ ਇਸ ਵੰਡ ਦੇ ਗੇੜ ਵਿੱਚ SSPA ਸਿਸਟਮ ਦੇ ਅਧੀਨ S1 ਸਥਾਨਾਂ ਦੀ ਪੇਸ਼ਕਸ਼ ਨਹੀਂ ਕਰੇਗਾ, ਤਾਂ ਉਸ ਬਿਨੈ-ਪੱਤਰ 'ਤੇ ਕਾਰਵਾਈ ਨਹੀਂ ਕੀਤੀ ਜਾਵੇਗੀ।

**(9) ਪ੍ਰ ਕੀ ਵਿਦਿਆਰਥੀ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਲਈ ਦੋ ਤੋਂ ਵੱਧ ਬਿਨੈ-ਪੱਤਰ ਨਾ ਦੇਣ ਤੋਂ ਇਲਾਵਾ, ਇੱਕੋ ਸਮੇਂ Jockey Club Ti-I College ਵਿੱਚ ਬਿਨੈ-ਪੱਤਰ ਦੇ ਸਕਦੇ ਹਨ?**

ੳ ਹਾਂ ਉਹ ਕਰ ਸਕਦੇ ਹਨ। Jockey Club Ti-I College ਵਿੱਚ S1 ਵਿੱਚ ਦਾਖਲੇ ਲਈ ਬਿਨੈ-ਪੱਤਰ ਦੀ ਮਿਆਦ 2 ਜਨਵਰੀ ਤੋਂ 20 ਜਨਵਰੀ 2025 ਤੱਕ ਹੈ। ਜੇਕਰ ਵਿਦਿਆਰਥੀ Jockey Club Ti-I College ਵਿੱਚ ਆਪਣੇ ਬਿਨੈ-ਪੱਤਰ ਲਈ ਸਫਲ ਹੋ ਜਾਂਦੇ ਹਨ, ਤਾਂ ਉਹਨਾਂ ਨੂੰ SSPA ਪ੍ਰਣਾਲੀ ਅਧੀਨ CA ਵਿੱਚ DP ਜਾਂ ਸਥਾਨ ਅਲਾਟ ਨਹੀਂ ਕੀਤਾ ਜਾਵੇਗਾ। ਜੇਕਰ ਉਹ ਆਪਣੀ ਬਿਨੈ-ਪੱਤਰ ਲਈ ਅਸਫਲ ਰਹਿੰਦੇ ਹਨ, ਤਾਂ ਫਿਰ ਵੀ ਉਹਨਾਂ ਨੂੰ SSPA ਸਿਸਟਮ ਰਾਹੀਂ S1 ਸਥਾਨ ਅਲਾਟ ਕੀਤਾ ਜਾ ਸਕਦਾ ਹੈ।

**(10) ਪ੍ਰ. ਕੀ ਵਿਦਿਆਰਥੀ ਡਾਇਰੈਕਟ ਸਬਸਿਡੀ ਸਕੀਮ ਸੈਕੰਡਰੀ ਸਕੂਲ ਲਈ ਵੀ ਉਸੇ ਸਮੇਂ ਬਿਨੈ-ਪੱਤਰ ਦੇ ਸਕਦੇ ਹਨ ਜੋ SSPA (NDSS ਸੈਕੰਡਰੀ ਸਕੂਲਾਂ) ਵਿੱਚ ਹਿੱਸਾ ਨਾ ਲੈ ਰਹੇ ਹੋਣ?**

ਉ ਹਾਂ, ਉਹ ਕਰ ਸਕਦੇ ਹਨ। ਕਿਉਂਕਿ NDSS ਸੈਕੰਡਰੀ ਸਕੂਲਾਂਦੀ ਗਿਣਤੀ ਦੀ ਕੋਈ ਸੀਮਾ ਨਹੀਂ ਹੈ ਜਿਸ ਲਈ ਵਿਦਿਆਰਥੀ ਬਿਨੈ-ਪੱਤਰ ਦੇ ਸਕਦਾ ਹੈ, ਇਸ ਲਈ ਉਸ ਵਿਦਿਆਰਥੀ/ਵਿਦਿਆਰਥਣ ਨੂੰ ਕਈ NDSS ਸੈਕੰਡਰੀ ਸਕੂਲਾਂ ਦੁਆਰਾ ਸਵੀਕਾਰ ਕੀਤਾ ਜਾ ਸਕਦਾ ਹੈ। ਹਾਲਾਂਕਿ, ਬਸ਼ਰਤੇ ਮਾਤਾ-ਪਿਤਾ ਦੁਆਰਾ ਹਸਤਾਖਰ ਕੀਤੇ ਮਾਪਿਆਂ ਦੇ ਅੰਡਰਟੇਕਿੰਗ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਦੀ ਅਸਲ ਕਾਪੀ ਪੇਸ਼ਕਸ਼ ਕਰਨ ਵਾਲੇ ਸਕੂਲਾਂ ਵਿੱਚੋਂ ਕਿਸੇ ਇੱਕ ਨੂੰ ਸੌਂਪ ਦਿੱਤੀ ਹੋਵੇ, ਇਹ NDSS ਸੈਕੰਡਰੀ ਸਕੂਲਦੁਆਰਾ ਪੇਸ਼ ਕੀਤੇ ਗਏ S1 ਸਥਾਨ ਦੀ ਸਵੀਕ੍ਰਿਤੀ ਦੀ ਪੁਸ਼ਟੀ ਵਜੋਂ ਕੰਮ ਕਰੇਗਾ ਅਤੇ ਕਿਸੇ ਹੋਰ ਸਬਸਿਡੀ ਵਾਲੇ S1 ਸਥਾਨਾਂ ਨੂੰ ਛੱਡਣ ਦਾ ਸਮਝੌਤਾ (ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਅਤੇ Jockey Club Ti-I College ਦੇ S1 ਸਥਾਨਾਂ ਸਮੇਤ)। ਸਕੂਲ ਅਪ੍ਰੈਲ 2025 ਦੇ ਅਖੀਰ ਤੱਕ ਮਾਤਾ-ਪਿਤਾ ਦੇ ਫੈਸਲੇ ਬਾਰੇ EDB ਨੂੰ ਸੂਚਿਤ ਕਰੇਗਾ। NDSS ਸੈਕੰਡਰੀ ਸਕੂਲਾਂ ਤੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸਫਲ ਸੂਚੀਆਂ ਪ੍ਰਾਪਤ ਕਰਨ 'ਤੇ, EDB ਸੂਚੀ ਵਿੱਚ ਸ਼ਾਮਲ ਵਿਦਿਆਰਥੀਆਂ ਨੂੰ SSPA ਸਿਸਟਮ ਰਾਹੀਂ ਦੂਜੇ ਸੈਕੰਡਰੀ ਸਕੂਲਾਂ ਨੂੰ ਵੰਡ ਨਹੀਂ ਕਰੇਗਾ।

**<u>ਸਫਲ DP ਬਿਨੈਕਾਰਾਂ ਨੂੰ ਸੂਚਿਤ ਕਰਨ ਲਈ ਵਿਵਸਥਾਵਾਂ (ਸੂਚਨਾ ਪ੍ਰਬੰਧ)</u>**

**(11) ਪ੍ਰ SSPA ਪ੍ਰਣਾਲੀ ਦੇ ਤਹਿਤ ਸਫਲ DP ਦੇ ਬਿਨੈਕਾਰਾਂ ਨੂੰ ਸੂਚਿਤ ਕਰਨ ਲਈ ਕੀ ਪ੍ਰਬੰਧ (ਸੂਚਨਾ ਪ੍ਰਬੰਧ) ਹਨ?**

ਉ SSPA 2020 ਤੋਂ ਸ਼ੁਰੂ ਕਰਦੇ ਹੋਏ, ਸਾਰੇ ਭਾਗ ਲੈਣ ਵਾਲੇ ਸੈਕੰਡਰੀ ਸਕੂਲ (Jockey Club Ti-I College ਸਮੇਤ) DP ਅਰਜ਼ੀਆਂ ਦੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ, ਬਿਨੈਕਾਰਾਂ ਦੇ ਮਾਪੇ CA[2] ਤੋਂ ਪਹਿਲਾਂ ਇੱਕ ਨਿਸ਼ਚਿਤ ਮਿਤੀ 'ਤੇ ਪੱਤਰ ਅਤੇ ਫ਼ੋਨ ਰਾਹੀਂ ਉਹਨਾਂ ਦੇ ਬੱਚੇ ਦੇ ਸਫਲ ਇਖਤਿਆਰੀ ਸਥਾਨਾਂ ਦੀ ਸੂਚੀ ਵਿੱਚ ਸ਼ਾਮਲ ਹੋਣ ਬਾਰੇ ਸੂਚਨਾ ਪ੍ਰਾਪਤ ਕਰਨਗੇ। ਸਕੂਲਾਂ ਨੂੰ ਮਾਪਿਆਂ ਨੂੰ ਸੂਚਨਾ ਪ੍ਰਬੰਧਾਂ ਬਾਰੇ ਚੰਗੀ ਤਰ੍ਹਾਂ ਜਾਣਕਾਰ ਰੱਖਣ, ਅਤੇ ਪਹਿਲਾਂ ਤੋਂ ਲੋੜੀਂਦੀ ਸੰਪਰਕ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੁੰਦੀ ਹੈ। ਇਸ SSPA ਦੇ ਗੇੜ ਲਈ ਨਿਸ਼ਚਿਤ ਮਿਤੀ 31 ਮਾਰਚ 2025 ਹੈ। SSPA e-Platform ਵਰਤੋਂਕਾਰਾਂ ਵਜੋਂ ਰਜਿਸਟਰ ਕੀਤੇ ਮਾਪਿਆਂ ਲਈ, ਉਹ ਉਸੇ ਦਿਨ ਸਵੇਰੇ 10 ਵਜੇ ਤੋਂ SSPA e-Platform ਰਾਹੀਂ ਸਫਲ DP ਬਿਨੈਕਾਰਾਂ ਲਈ ਸੂਚਨਾਵਾਂ ਵੀ ਦੇਖ ਸਕਦੇ ਹਨ। ਇਹ ਸੂਚਨਾ ਪ੍ਰਬੰਧ ਰਾਖਵੇਂ ਅਤੇ ਅਸਫ਼ਲ ਬਿਨੈਕਾਰਾਂ 'ਤੇ ਲਾਗੂ ਨਹੀਂ ਹੁੰਦੇ ਹਨ, ਨਾ ਹੀ ਵੰਡ ਨਤੀਜਿਆਂ ਦੀਆਂ ਸੂਚਨਾਵਾਂ। ਸਬੰਧਤ ਮਾਪਿਆਂ ਨੂੰ ਇਸ ਬਾਰੇ ਸਬੰਧਤ ਸੈਕੰਡਰੀ ਸਕੂਲਾਂ ਨੂੰ ਜਵਾਬ ਦੇਣ ਦੀ ਲੋੜ ਨਹੀਂ ਹੈ ਕਿ ਉਹ ਪੇਸ਼ਕਸ਼ਾਂ ਨੂੰ ਸਵੀਕਾਰ ਕਰਨਗੇ ਜਾਂ ਨਹੀਂ। ਜਿਹੜੇ ਮਾਪੇ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਸਫਲ ਬਿਨੈ-ਪੱਤਰਾਂ ਦੀ ਸੂਚਨਾ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਅਪ੍ਰੈਲ 2025 ਤੋਂ ਸ਼ੁਰੂ ਹੋਣ ਵਾਲੇ CA ਪੜਾਅ 'ਤੇ ਸਕੂਲਾਂ ਦੇ ਵਿਕਲਪਾਂ ਦਾ ਫਾਰਮ (Choice Form) ਨੂੰ ਭਰਨ ਦੀ ਲੋੜ ਨਹੀਂ ਹੈ।

ਉਪਰੋਕਤ ਸੂਚਨਾ ਪ੍ਰਬੰਧ ਪ੍ਰਸ਼ਾਸਕੀ ਉਪਾਅ ਹਨ। ਮੌਜੂਦਾ SSPA ਵਿਧੀ ਅਤੇ ਪ੍ਰਕਿਰਿਆਵਾਂ ਵਿੱਚ ਕੋਈ ਬਦਲਾਅ ਨਹੀਂ ਹੈ। ਇਸ SSPA ਗੇੜ ਦੇ ਸਾਰੇ ਵਿਦਿਆਰਥੀ 8 ਜੁਲਾਈ 2025 ਨੂੰ SSPA ਵੰਡ ਨਤੀਜੇ (DP ਅਤੇ CA ਪੜਾਵਾਂ ਦੇ ਨਤੀਜਿਆਂ ਸਮੇਤ) ਪ੍ਰਾਪਤ ਕਰਨਗੇ।

ਜੇਕਰ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀ SSPA ਸਿਸਟਮ ਵਿੱਚ ਭਾਗ ਨਹੀਂ ਲੈ ਰਹੇ ਹਨ ਅਤੇ ਉਹਨਾਂ ਨੂੰ DP ਪੜਾਅ 'ਤੇ ਸਕੂਲ ਦੀ ਜਗ੍ਹਾ ਨਿਰਧਾਰਤ ਕੀਤੀ ਗਈ ਹੈ, ਤਾਂ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਜਾਂ Jockey Club Ti-I College ਮਾਪਿਆਂ ਨੂੰ ਅਧਿਕਾਰਤ DP ਨਤੀਜਿਆਂ ਅਤੇ ਸਬੰਧਤ ਪ੍ਰਬੰਧਾਂ ਬਾਰੇ ਸੂਚਿਤ ਕਰਨ ਲਈ 8 ਜੁਲਾਈ 2025 ਨੂੰ ਕਾਲ ਕਰਨਗੇ (ਅਰਥਾਤ ਵੰਡ ਨਤੀਜਿਆਂ ਦੇ ਐਲਾਨ ਦੀ ਮਿਤੀ)। ਜੇ ਲੋੜ ਹੋਵੇ, ਤਾਂ ਮਾਪੇ ਸੈਕੰਡਰੀ ਸਕੂਲ (ਸਕੂਲਾਂ) ਨਾਲ ਵੀ ਸੰਪਰਕ ਕਰ ਸਕਦੇ ਹਨ ਜਿਸ ਲਈ ਉਹਨਾਂ ਨੇ 8 ਜੁਲਾਈ 2025 ਨੂੰ ਅਰਜ਼ੀ ਦਿੱਤੀ ਹੈ।

**(12) ਪ੍ਰ ਜੇਕਰ ਵਿਦਿਆਰਥੀਆਂ ਨੇ ਦੋ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਵਿੱਚ DP ਬਿਨੈ-ਪੱਤਰ ਜਮ੍ਹਾਂ ਕਰਵਾਏ ਹਨ, ਤਾਂ ਕੀ ਉਹਨਾਂ ਨੂੰ ਕ੍ਰਮਵਾਰ ਦੋਵੇਂ ਸਕੂਲਾਂ ਦੁਆਰਾ ਸਫਲ ਬਿਨੈਕਾਰਾਂ ਵਜੋਂ ਸੂਚਿਤ ਕੀਤਾ ਜਾਵੇਗਾ?**

ਉ ਉਹਨਾਂ ਵਿਅਕਤੀਗਤ ਵਿਦਿਆਰਥੀਆਂ ਲਈ ਜਿਨ੍ਹਾਂ ਨੇ ਦੋ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਵਿੱਚ DP ਬਿਨੈ-ਪੱਤਰ ਜਮ੍ਹਾਂ ਕਰਵਾਏ ਹਨ ਅਤੇ ਦੋਵੇਂ ਬਿਨੈ-ਪੱਤਰਾਂ ਲਈ ਸਫਲ ਰਹੇ ਹਨ, ਉਹਨਾਂ ਦੇ ਮਾਪਿਆਂ ਨੂੰ ਕ੍ਰਮਵਾਰ ਭਾਗ ਲੈਣ ਵਾਲੇ ਦੋਨਾਂ ਸੈਕੰਡਰੀ ਸਕੂਲਾਂ ਤੋਂ ਸੂਚਨਾਵਾਂ ਪ੍ਰਾਪਤ ਹੋਣਗੀਆਂ। ਸਬੰਧਤ ਵਿਦਿਆਰਥੀਆਂ ਨੂੰ ਮੌਜੂਦਾ SSPA ਵਿਧੀ ਅਨੁਸਾਰ ਉਨ੍ਹਾਂ ਦੀ ਪਹਿਲੀ ਪਸੰਦ ਦੇ ਸਕੂਲਾਂ ਨੂੰ ਅਲਾਟ ਕੀਤਾ ਜਾਵੇਗਾ।

[2] ਕਿਰਪਾ ਕਰਕੇ ਸਫਲ ਇਖਤਿਆਰੀ ਸਥਾਨਾਂ ਦੇ ਬਿਨੈਕਾਰਾਂ ਨੂੰ ਸੂਚਿਤ ਕਰਨ ਲਈ ਪ੍ਰਬੰਧਾਂ ਦੇ ਵੇਰਵਿਆਂ ਅਤੇ ਨਮੂਨਾ ਸੂਚਨਾ ਪੱਤਰ ਲਈ EDB ਦੇ ਸਰਕੂਲਰ ਨੰਬਰ 18/2019 ਵੇਖੋ।

**(13) ਪ੍ਰ ਸੂਚਨਾ ਪ੍ਰਬੰਧਾਂ ਦੇ ਤਹਿਤ, ਕੀ ਰਾਖਵੇਂ ਅਤੇ ਅਸਫ਼ਲ ਬਿਨੈਕਾਰਾਂ ਨੂੰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾਂ ਉਹਨਾਂ ਨੂੰ ਬਿਨੈ-ਪੱਤਰ ਦੇ ਨਤੀਜਿਆਂ ਬਾਰੇ ਪਹਿਲਾਂ ਸੂਚਿਤ ਕੀਤਾ ਜਾਵੇਗਾ?**

ਉ ਸੂਚਨਾ ਪ੍ਰਬੰਧਾਂ ਦੇ ਤਹਿਤ, ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਨੂੰ ਸਿਰਫ ਸਫਲ ਬਿਨੈਕਾਰਾਂ ਨੂੰ ਉਹਨਾਂ ਦੇ ਇਖਤਿਆਰੀ ਸਥਾਨਾਂ ਲਈ ਸਕੂਲਾਂ ਦੀ ਸਫਲ ਸੂਚੀ ਵਿੱਚ ਸ਼ਾਮਲ ਕਰਨ ਬਾਰੇ ਸੂਚਿਤ ਕਰਨ ਦੀ ਲੋੜ ਹੁੰਦੀ ਹੈ। ਸਕੂਲਾਂ ਨੂੰ ਬੇਲੋੜੀਆਂ ਗਲਤਫਹਿਮੀਆਂ ਤੋਂ ਬਚਣ ਲਈ ਰਾਖਵੇਂ ਅਤੇ ਅਸਫਲ ਬਿਨੈਕਾਰਾਂ ਨੂੰ ਉਹਨਾਂ ਦੇ DP ਬਿਨੈ-ਪੱਤਰ ਦੇ ਨਤੀਜਿਆਂ ਬਾਰੇ ਸੂਚਿਤ ਕਰਨ ਦੀ ਇਜਾਜ਼ਤ ਨਹੀਂ ਹੈ।

**(14) ਪ੍ਰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਰਿਜ਼ਰਵਡ ਬਿਨੈਕਾਰਾਂ ਨੂੰ ਕਦੋਂ ਸੂਚਿਤ ਕੀਤਾ ਜਾਵੇਗਾ ਕਿ ਉਨ੍ਹਾਂ ਨੂੰ DP ਨਾਲ ਅਲਾਟ ਕੀਤਾ ਗਿਆ ਹੈ?**

ਉ ਸੂਚਨਾ ਪ੍ਰਬੰਧ ਰਾਖਵੇਂ ਅਤੇ ਅਸਫਲ ਬਿਨੈਕਾਰਾਂ 'ਤੇ ਲਾਗੂ ਨਹੀਂ ਹੁੰਦੇ। ਇਸ SSPA ਚੱਕਰ ਵਿੱਚ ਸਾਰੇ ਵਿਦਿਆਰਥੀ (ਰਾਖਵੇਂ ਬਿਨੈਕਾਰਾਂ ਸਮੇਤ) 8 ਜੁਲਾਈ 2025 ਨੂੰ EDB ਤੋਂ ਅਧਿਕਾਰਤ ਵੰਡ ਨਤੀਜੇ ਪ੍ਰਾਪਤ ਕਰਨਗੇ।

**(15) ਪ੍ਰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਸੂਚਨਾਵਾਂ ਪ੍ਰਾਪਤ ਕਰਨ ਤੋਂ ਬਾਅਦ, ਕੀ ਸਬੰਧਤ ਮਾਤਾ-ਪਿਤਾ ਨੂੰ ਆਪਣੇ ਸਕੂਲ ਦੀ ਤਰਜੀਹ ਦੇ ਕ੍ਰਮ ਦਾ ਖੁਲਾਸਾ ਕਰਨਾ ਹੋਵੇਗਾ ਅਤੇ ਪ੍ਰਸਤਾਵਿਤ DP ਦੀ ਪੇਸ਼ਕਸ਼ ਨੂੰ ਸਵੀਕਾਰ ਕਰਨ ਦੀ ਪੁਸ਼ਟੀ ਕਰਨੀ ਹੋਵੇਗੀ?**

ਉ ਮੌਜੂਦਾ SSPA ਪ੍ਰਣਾਲੀ ਦੇ ਤਹਿਤ, ਮਾਪਿਆਂ ਨੂੰ ਉਹਨਾਂ ਸਕੂਲਾਂ ਲਈ ਆਪਣੀ ਸਕੂਲ ਦੀ ਤਰਜੀਹ ਦੇ ਕ੍ਰਮ ਦਾ ਖੁਲਾਸਾ ਕਰਨ ਦੀ ਲੋੜ ਨਹੀਂ ਹੈ ਜਿਨ੍ਹਾਂ ਲਈ ਉਹਨਾਂ ਨੇ ਬਿਨੈ-ਪੱਤਰ ਦਿੱਤਾ ਹੈ। ਸੂਚਨਾ ਪ੍ਰਬੰਧਾਂ ਦੇ ਤਹਿਤ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਮਾਪਿਆਂ ਨੂੰ ਸੂਚਿਤ ਕੀਤੇ ਗਏ ਵੰਡ ਨਤੀਜੇ ਅਧਿਕਾਰਤ ਤੌਰ 'ਤੇ ਜਾਰੀ ਨਹੀਂ ਕੀਤੇ ਹੁੰਦੇ ਹਨ। ਇਸ ਲਈ, ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਸਫਲ DP ਬਿਨੈ-ਪੱਤਰ ਦੀ ਸੂਚਨਾ ਪ੍ਰਾਪਤ ਹੋਣ ਤੋਂ ਬਾਅਦ ਵੀ ਸਬੰਧਤ ਸਕੂਲਾਂ ਨੂੰ ਆਪਣੀ ਸਕੂਲ ਦੀ ਤਰਜੀਹ ਦੇ ਕ੍ਰਮ ਦਾ ਖੁਲਾਸਾ ਕਰਨ ਦੀ ਲੋੜ ਨਹੀਂ ਹੁੰਦੀ, ਅਤੇ ਨਾ ਹੀ ਦਿੱਤੇ ਗਏ DP ਨੂੰ ਸਵੀਕਾਰ ਕਰਨ ਦੀ ਪੁਸ਼ਟੀ ਕਰਨੀ ਪੈਂਦੀ ਹੈ।

**(16) ਪ੍ਰ ਸਫਲ DP ਬਿਨੈਕਾਰਾਂ ਵਜੋਂ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਸੂਚਨਾਵਾਂ ਪ੍ਰਾਪਤ ਕਰਨ ਤੋਂ ਬਾਅਦ, ਕੀ ਮਾਪੇ ਆਪਣੇ ਬੱਚਿਆਂ ਲਈ ਸਕੂਲ ਦੀ ਤਰਜੀਹ ਦੇ ਕ੍ਰਮ ਨੂੰ ਬਦਲ ਸਕਦੇ ਹਨ?**

ਉ ਮੌਜੂਦਾ SSPA ਕਾਰਜ-ਵਿਧੀ ਦੇ ਅਨੁਸਾਰ, **ਇੱਕ ਵਾਰ ਬਿਨੈ-ਪੱਤਰ ਨੂੰ ਜਮ੍ਹਾ ਕਰਵਾਏ ਜਾਣ ਤੋਂ ਬਾਅਦ, ਬਿਨੈ-ਪੱਤਰ ਨੂੰ ਮੁੜ ਪ੍ਰਾਪਤ ਜਾਂ ਰੱਦ ਨਹੀਂ ਕੀਤਾ ਜਾ ਸਕਦਾ ਹੈ, ਅਤੇ ਸਕੂਲ ਦੀ ਕ੍ਰਮ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ ਹੈ,** ਬਿਨਾਂ ਇਸ ਦੀ ਪਰਵਾਹ ਕੀਤਿਆਂ ਕਿ ਬਿਨੈ-ਪੱਤਰ ਫਿਰ ਭਾਵੇਂ SSPA e-Platform ਜਾਂ ਕਾਗਜ਼ੀ ਬਿਨੈ-ਪੱਤਰ ਦੁਆਰਾ ਜਮ੍ਹਾਂ ਕਰਵਾਏ ਹੋਣ। ਇਸ ਲਈ, ਮਾਪਿਆਂ ਨੂੰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਆਪਣੇ ਬੱਚਿਆਂ ਦੀਆਂ ਸਫਲ DP ਬਿਨੈ-ਪੱਤਰ ਦੀ ਸੂਚਨਾ ਮਿਲਣ ਤੋਂ ਬਾਅਦ ਸਕੂਲ ਦੀ ਤਰਜੀਹ ਦੇ ਕ੍ਰਮ ਨੂੰ ਬਦਲਣ ਦੀ ਇਜਾਜ਼ਤ ਨਹੀਂ ਹੈ।

**(17) ਪ੍ਰ ਕੀ ਭਾਗ ਲੈਣ ਵਾਲੇ ਸੈਕੰਡਰੀ ਸਕੂਲ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਸਕੂਲ ਦੀ ਤਰਜੀਹ ਦੇ ਕ੍ਰਮ ਬਾਰੇ ਪੁੱਛ ਸਕਦੇ ਹਨ?**

ੳ ਮੌਜੂਦਾ SSPA ਪ੍ਰਣਾਲੀ ਦੇ ਤਹਿਤ, ਜਿਹੜੇ ਮਾਪੇ ਆਪਣੇ ਬੱਚਿਆਂ ਲਈ DP ਲਈ ਬਿਨੈ-ਪੱਤਰ ਦਿੰਦੇ ਹਨ, ਉਨ੍ਹਾਂ ਨੂੰ ਸਬੰਧਤ ਸਕੂਲਾਂ ਨੂੰ ਆਪਣੀ ਸਕੂਲ ਦੀਤਰਜੀਹ ਦੇ ਕ੍ਰਮ ਦਾ ਖੁਲਾਸਾ ਕਰਨ ਦੀ ਲੋੜ ਨਹੀਂ ਹੈ। ਮੌਜੂਦਾ SSPA ਵਿਧੀ ਵਿੱਚ ਸੂਚਨਾ ਪ੍ਰਬੰਧਾਂ ਦੇ ਤਹਿਤ ਕੋਈ ਤਬਦੀਲੀ ਨਹੀਂ ਹੈ। ਇਸ ਲਈ, ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਨੂੰ ਮਾਪਿਆਂ ਤੋਂ ਸੰਬੰਧਿਤ ਜਾਣਕਾਰੀ ਬਾਰੇ ਪੁੱਛ-ਗਿੱਛ ਨਹੀਂ ਕਰਨੀ ਚਾਹੀਦੀ।

**(18) ਪ੍ਰ ਉਹਨਾਂ ਮਾਪਿਆਂ ਲਈ ਜਿਨ੍ਹਾਂ ਨੇ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਆਪਣੇ ਬੱਚਿਆਂ ਦੀਆਂ ਸਫਲ DP ਬਿਨੈ-ਪੱਤਰ ਸਬੰਧੀ ਸੂਚਨਾਵਾਂ ਪ੍ਰਾਪਤ ਕੀਤੀਆਂ ਹਨ, ਕੀ ਉਹ DP ਨੂੰ ਤਿਆਗ ਸਕਦੇ ਹਨ ਅਤੇ CA ਵਿੱਚ ਭਾਗ ਲੈਣ ਲਈ Choice Form ਭਰ ਸਕਦੇ ਹਨ?**

ੳ ਮੌਜੂਦਾ SSPA ਕਾਰਜ-ਪ੍ਰਣਾਲੀ ਦੇ ਤਹਿਤ, DP ਨਾਲ ਅਲਾਟ ਕੀਤੇ ਗਏ ਸਾਰੇ ਵਿਦਿਆਰਥੀਆਂ ਨੂੰ CA ਪੱਧਰ 'ਤੇ ਸਕੂਲ ਦੀਆਂ ਹੋਰ ਸਥਾਨ ਅਲਾਟ ਨਹੀਂ ਕੀਤੇ ਜਾਣਗੇ। ਇਸ ਲਈ, ਸਫਲ DP ਬਿਨੈਕਾਰਾਂ ਦੇ ਮਾਪਿਆਂ ਨੂੰ Choice Form 'ਤੇ ਸਕੂਲ ਦੀ ਚੋਣ ਕਰਨ ਦੀ ਲੋੜ ਨਹੀਂ ਹੈ। ਭਾਵੇਂ ਉਹਨਾਂ ਨੇ ਅਪ੍ਰੈਲ 2025 ਵਿੱਚ ਸ਼ੁਰੂ ਹੋਣ ਵਾਲੇ CA ਪੜਾਅ 'ਤੇ Choice Form 'ਤੇ ਸਕੂਲ ਦੀ ਚੋਣ ਕੀਤੀ ਹੈ, ਫਿਰ ਵੀ ਉਹਨਾਂ ਦੇ ਬੱਚਿਆਂ ਨੂੰ ਉਹਨਾਂ ਸੈਕੰਡਰੀ ਸਕੂਲਾਂ ਵਿੱਚ ਅਲਾਟ ਕੀਤਾ ਜਾਵੇਗਾ ਜਿਨ੍ਹਾਂ ਵਿੱਚ ਉਹਨਾਂ ਨੇ ਮੌਜੂਦਾ ਵਿਧੀ ਦੇ ਅਨੁਸਾਰ DP ਪੜਾਅ 'ਤੇ ਸਫਲਤਾਪੂਰਵਕ ਅਪਲਾਈ ਕੀਤਾ ਹੋਵੇਗਾ।

**(19) ਪ੍ਰ ਕੀ ਸੂਚਨਾ ਪ੍ਰਬੰਧ DP ਨਤੀਜਿਆਂ ਦੀ ਅਧਿਕਾਰਤ ਪ੍ਰਕਾਸ਼ਨਾ ਵਰਗੀ ਹੈ? ਸਫਲ DP ਬਿਨੈਕਾਰਾਂ ਵਜੋਂ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਸੂਚਨਾਵਾਂ ਪ੍ਰਾਪਤ ਕਰਨ ਤੋਂ ਬਾਅਦ, ਕੀ ਮਾਪਿਆਂ ਨੂੰ ਇੱਕ ਵਾਰ ਵਿੱਚ ਸਬੰਧਤ ਸਕੂਲਾਂ ਨਾਲ ਰਜਿਸਟ੍ਰੇਸ਼ਨ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਦੀ ਲੋੜ ਹੈ?**

ੳ ਇੱਕ ਪ੍ਰਸ਼ਾਸਕੀ ਉਪਾਅ ਦੇ ਤੌਰ 'ਤੇ, ਸੂਚਨਾ ਪ੍ਰਬੰਧ ਅੰਤਿਮ ਵੰਡ ਨਤੀਜਿਆਂ ਨੂੰ ਜਾਰੀ ਕਰਨ ਵਰਗੀ ਨਹੀਂ ਹੈ। ਮੌਜੂਦਾ SSPA ਵਿਧੀਆਂ ਅਤੇ ਪ੍ਰਕਿਰਿਆਵਾਂ ਵਿੱਚ ਕੋਈ ਬਦਲਾਅ ਨਹੀਂ ਹੈ। ਇਸ SSPA ਗੇੜ ਦੇ ਸਾਰੇ ਵਿਦਿਆਰਥੀ ਜੁਲਾਈ 2025 ਵਿੱਚ ਹਮੇਸ਼ਾ ਵਾਂਗ SSPA ਵੰਡ ਨਤੀਜੇ (DP ਅਤੇ CA ਪੜਾਵਾਂ ਵਿੱਚ ਨਤੀਜੇ ਸਮੇਤ) ਪ੍ਰਾਪਤ ਕਰਨਗੇ।

ਕਿਉਂਕਿ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਮਾਪਿਆਂ ਨੂੰ ਸੂਚਨਾਵਾਂ ਵੰਡ ਨਤੀਜਿਆਂ ਦੀ ਅਧਿਕਾਰਤ ਪ੍ਰਕਾਸ਼ਨਾ ਨਹੀਂ ਹਨ, ਇਸ ਲਈ ਮਾਪਿਆਂ ਨੂੰ ਇੱਕ ਵਾਰ ਵਿੱਚ ਸਬੰਧਤ ਸਕੂਲਾਂ ਨਾਲ ਰਜਿਸਟ੍ਰੇਸ਼ਨ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਦੀ ਲੋੜ ਨਹੀਂ ਹੈ। ਮਾਪਿਆਂ ਨੂੰ 8 ਜੁਲਾਈ 2025 ਨੂੰ SSPA ਨਤੀਜਿਆਂ ਦੀ ਅਧਿਕਾਰਤ ਰਿਲੀਜ਼ ਤੋਂ ਬਾਅਦ ਅਲੋਕੇਸ਼ਨ ਸਲਿੱਪਾਂ ਅਤੇ ਦਾਖਲਾ ਸਲਿੱਪਾਂ ਪ੍ਰਾਪਤ ਹੋਣਗੀਆਂ। ਉਦੋਂ ਤੱਕ, ਮਾਪਿਆਂ ਨੂੰ ਇੱਕ ਨਿਸ਼ਚਿਤ ਮਿਆਦ (ਜਿਵੇਂ ਕਿ 10 ਜੁਲਾਈ ਤੋਂ 11 ਜੁਲਾਈ 2025 ਤੱਕ) ਦੇ ਅੰਦਰ ਨਿਰਧਾਰਤ ਸੈਕੰਡਰੀ ਸਕੂਲਾਂ ਵਿੱਚ ਰਜਿਸਟ੍ਰੇਸ਼ਨ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ।

**(20) ਪ੍ਰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਨੂੰ ਇੱਕ ਨਿਸ਼ਚਿਤ ਮਿਤੀ 'ਤੇ ਚਿੱਠੀ ਅਤੇ ਫ਼ੋਨ ਰਾਹੀਂ ਸਫਲ DP ਬਿਨੈਕਾਰਾਂ ਦੇ ਮਾਪਿਆਂ ਨੂੰ ਸੂਚਿਤ ਕਰਨ ਵੇਲੇ ਕਿਸ ਵੱਲ ਧਿਆਨ ਦੇਣ ਦੀ ਲੋੜ ਹੈ?**

ੳ ਮਾਪਿਆਂ (ਖਾਸ ਕਰਕੇ ਉਹਨਾਂ ਮਾਪਿਆਂ ਲਈ ਜੋ ਹਾਂਗਕਾਂਗ ਤੋਂ ਬਾਹਰ ਰਹਿ ਰਹੇ/ਕੰਮ ਕਰ ਰਹੇ ਹਨ) ਤੋਂ DP ਬਿਨੈ-ਪੱਤਰਾਂ ਪ੍ਰਾਪਤ ਕਰਦੇ ਸਮੇਂ, ਸਕੂਲਾਂ ਨੂੰ ਉਹਨਾਂ ਨੂੰ ਸਮੇਂ ਸਿਰ ਸੰਪਰਕ ਜਾਣਕਾਰੀ ਅੱਪਡੇਟ ਕਰਨ ਲਈ ਯਾਦ ਕਰਾਉਣਾ ਚਾਹੀਦਾ ਹੈ। ਮਾਤਾ-ਪਿਤਾ ਨੂੰ ਵੀ ਨਿਯਤ ਮਿਤੀ 'ਤੇ ਪੱਤਰ ਅਤੇ ਫ਼ੋਨ ਰਾਹੀਂ ਸਫਲ DP ਬਿਨੈਕਾਰਾਂ ਨੂੰ ਸੂਚਿਤ ਕਰਨ ਦੇ ਪ੍ਰਬੰਧ ਬਾਰੇ ਚੰਗੀ ਤਰ੍ਹਾਂ ਜਾਣੂ ਕਰਵਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਕੂਲਾਂ ਨੂੰ ਢੁਕਵੇਂ ਪ੍ਰਬੰਧ ਵੀ ਕਰਨੇ ਚਾਹੀਦੇ ਹਨ, ਜਿਸ ਵਿੱਚ ਨਿਸ਼ਚਿਤ ਮਿਤੀ (ਅਤੇ ਉਸਤੋਂ ਪਹਿਲਾਂ ਨਹੀਂ) 'ਤੇ ਡਾਕ ਭੇਜਣ ਲਈ ਸਮਾਂ ਰਾਖਵਾਂ ਕਰਨਾ ਵੀ ਸ਼ਾਮਲ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਫਲ ਬਿਨੈਕਾਰਾਂ ਦੇ ਮਾਤਾ-ਪਿਤਾ ਨੂੰ ਇਖਤਿਆਰੀ ਸਥਾਨਾਂ ਦੀਆਂ ਸਫਲ ਸੂਚੀਆਂ ਵਿੱਚ ਆਪਣੇ ਬੱਚਿਆਂ ਦੇ ਸ਼ਾਮਲ ਹੋਣ ਦੀ ਲਿਖਤੀ ਸੂਚਨਾ ਪ੍ਰਾਪਤ ਹੋਵੇ, ਸਬੰਧਤ ਮਾਪਿਆਂ ਨੂੰ ਨਿਸ਼ਚਿਤ ਮਿਤੀ (ਅਤੇ ਉਸਤੋਂ ਪਹਿਲਾਂ ਨਹੀਂ) 'ਤੇ ਫ਼ੋਨ ਕਾਲਾਂ ਦਾ ਸਮਾਂ ਤੈਅ ਕਰਨਾ, ਉਹਨਾਂ ਮਾਪਿਆਂ ਲਈ ਪ੍ਰਬੰਧ ਕਰਨਾ ਜਿਨ੍ਹਾਂ ਮਾਮਲਿਆਂ ਵਿੱਚ ਕਿਸੇ ਖਾਸ ਮਿਤੀ 'ਤੇ ਸੰਪਰਕ ਨਹੀਂ ਕੀਤਾ ਜਾ ਸਕਦਾ ਹੋਵੇ, ਆਦਿ।

**(21) ਪ੍ਰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਨੂੰ ਮਾਪਿਆਂ ਵਲੋਂ ਫੋਨ ਰਾਹੀਂ ਕੀਤੀ ਜਾਣ ਵਾਲੀ ਪੁੱਛ-ਗਿੱਛ ਨੂੰ ਕਿਵੇਂ ਸੰਭਾਲਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਦੇ ਬੱਚੇ ਸਕੂਲਾਂ ਲਈ ਸਫਲ DP ਬਿਨੈਕਾਰ ਹਨ ਜਾਂ ਨਹੀਂ?**

ੳ ਫੋਨ 'ਤੇ ਕਾਲਰ ਦੀ ਪਛਾਣ ਕਰਨ ਵਿੱਚ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਕੂਲਾਂ ਨੂੰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਉਹ ਨਿੱਜੀ ਡੇਟਾ (ਗੋਪਨੀਅਤਾ) ਦੇ ਕਾਨੂੰਨ ਦਾ ਉਲੰਘਨ ਨਾ ਕਰਦਿਆਂ, ਇਸ ਤਰ੍ਹਾਂ ਦੀ ਪੁੱਛ-ਗਿੱਛ ਪ੍ਰਾਪਤ ਕਰਦੇ ਹੋ ਤਾਂ ਉਹ ਨਿੱਜੀ ਤੌਰ 'ਤੇ DP ਬਿਨੈਕਰਾਂ ਦੀ ਜਾਣਕਾਰੀ ਦਾ ਖੁਲਾਸਾ ਨਾ ਕਰਨ। ਸਕੂਲ, ਮਾਤਾ-ਪਿਤਾ ਨੂੰ ਇਸ ਬਾਰੇ ਜਾਣਕਾਰੀ ਦੇ ਸਕਦੇ ਹਨ ਕਿ ਸਫਲਤਾਪੂਰਵਕ DP ਬਿਨੈਕਾਰਾਂ ਦੇ ਮਾਤਾ-ਪਿਤਾ ਨੂੰ ਸੂਚਿਤ ਕੀਵੇਂ ਕੀਤਾ ਜਾਵੇਗਾ, ਅਤੇ ਉਹਨਾਂ ਨੂੰ ਯਾਦ ਦਿਵਾਇਆ ਜਾਵੇਗਾ ਕਿ SSPA e-Platform ਵਰਤੋਂਕਾਰਾਂ ਦੇ ਰੂਪ ਵਿੱਚ ਰਜਿਸਟਰ ਹੋਏ ਮਾਤਾ-ਪਿਤਾ ਵੀ ਉਸੇ ਦਿਨ ਸਵੇਰੇ 10 ਵਜੇ ਤੋਂ ਬਾਅਦ SSPA e-Platform ਦੇ ਰਾਹੀਂ ਸਫ਼ਲਤਾਪੂਰਵਕ DP ਬਿਨੈਕਾਰਾਂ ਲਈ ਸੂਚਨਾਵਾਂ ਪ੍ਰਾਪਤ ਕਰ ਸਕਦੇ ਹਨ। ਜੇਕਰ ਮਾਤਾ-ਪਿਤਾ ਦੇ ਪਾਸੋਂ ਹੋਰ ਪੁੱਛ-ਗਿੱਛ ਹੈ, ਤਾਂ ਉਹ ਆਪਣੇ ਸਕੂਲ-ਅਧਿਕਾਰੀ ਪੁੱਛ-ਗਿੱਛ ਪ੍ਰਣਾਲੀ ਨਾਲ ਸੰਭਾਲ ਸਕਦੇ ਹਨ।

**(22) ਪ੍ਰ ਸਫਲ DP ਬਿਨੈਕਾਰਾਂ ਦੇ ਮਾਪਿਆਂ ਨੂੰ ਚਿੱਠੀ ਅਤੇ ਫ਼ੋਨ ਰਾਹੀਂ ਸੂਚਿਤ ਕਰਨ ਤੋਂ ਇਲਾਵਾ, ਕੀ ਸੈਕੰਡਰੀ ਸਕੂਲ ਉਨ੍ਹਾਂ ਨੂੰ ਸੂਚਿਤ ਕਰਨ ਲਈ ਹੋਰ ਸਾਧਨ ਵਰਤ ਸਕਦੇ ਹਨ?**

ੳ ਸਫਲ DP ਬਿਨੈਕਾਰਾਂ ਦੇ ਮਾਪਿਆਂ ਨੂੰ ਚਿੱਠੀ ਅਤੇ ਫ਼ੋਨ ਰਾਹੀਂ ਸੂਚਿਤ ਕਰਨ ਤੋਂ ਇਲਾਵਾ, ਜੇਕਰ ਲੋੜ ਹੋਵੇ, ਤਾਂ ਸਕੂਲ ਸਫ਼ਲ DP ਬਿਨੈਕਾਰਾਂ ਦੇ ਮਾਪਿਆਂ ਨੂੰ ਹੋਰ ਸਾਧਨਾਂ ਰਾਹੀਂ ਵੀ ਸੂਚਿਤ ਕਰ ਸਕਦੇ ਹਨ। ਫਿਰ ਵੀ, ਸਬੰਧਤ ਮਾਪਿਆਂ ਨੂੰ ਹੋਰ ਤਰੀਕਿਆਂ ਨਾਲ ਸੂਚਿਤ ਕਰਨ ਵੇਲੇ ਸਕੂਲਾਂ ਨੂੰ ਨਿੱਜੀ ਡੇਟਾ (ਗੋਪਨੀਯਤਾ) ਆਰਡੀਨੈਂਸ ਦੇ ਸਿਧਾਂਤਾਂ ਅਤੇ ਲੋੜਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ।

**(23) ਪ੍ਰ ਕੁਝ ਵਿਦਿਆਰਥੀਆਂ ਨੂੰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਵਜੋਂ ਸੂਚਿਤ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ NDSS ਸੈਕੰਡਰੀ ਸਕੂਲ ਦੁਆਰਾ S1 ਸਥਾਨਾਂ ਦੀ ਪੇਸ਼ਕਸ਼ ਵੀ ਕੀਤੀ ਜਾਂਦੀ ਹੈ। ਜੇਕਰ ਉਹ NDSS ਸੈਕੰਡਰੀ ਸਕੂਲ ਦੀ ਪੇਸ਼ਕਸ਼ ਨੂੰ ਅਸਵੀਕਾਰ ਕਰਨ ਦਾ ਫੈਸਲਾ ਕਰਦੇ ਹਨ, ਤਾਂ ਉਹਨਾਂ ਨੂੰ ਸੰਬੰਧਿਤ NDSS ਸੈਕੰਡਰੀ ਸਕੂਲ ਤੋਂ ਹਸਤਾਖਰ ਕੀਤੇ ਮਾਪਿਆਂ ਦੇ ਅੰਡਰਟੇਕਿੰਗ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਦਾ ਅਸਲ ਕਿਉਂ ਪ੍ਰਾਪਤ ਕਰਨਾ ਚਾਹੀਦਾ ਹੈ? ਜੇਕਰ ਦਸਤਾਵੇਜ਼ ਮੁੜ ਪ੍ਰਾਪਤ ਨਹੀਂ ਕੀਤੇ ਜਾਂਦੇ ਹਨ, ਤਾਂ ਕੀ ਅੰਤ ਵਿੱਚ ਵਿਦਿਆਰਥੀਆਂ ਨੂੰ ਸਬੰਧਤ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਵਿੱਚ ਅਲਾਟ ਕੀਤਾ ਜਾਵੇਗਾ?**

ਉ ਮੌਜੂਦਾ ਵਿਧੀ ਦੇ ਅਨੁਸਾਰ, ਜਨਤਕ ਸਰੋਤਾਂ ਦੀ ਪ੍ਰਭਾਵੀ ਵਰਤੋਂ ਦੇ ਅਧਾਰ 'ਤੇ, NDSS ਸੈਕੰਡਰੀ ਸਕੂਲ ਵਿਦਿਆਰਥੀਆਂ ਦੇ ਮਾਪਿਆਂ ਤੋਂ ਇਕੱਤਰ ਕਰਨਗੇ ਜੋ SSPA ਪ੍ਰਣਾਲੀ ਅਤੇ ਹੋਰ ਸਬਸਿਡੀ ਵਾਲੇ S1 ਸਥਾਨਾਂ (ਭਾਗ ਲੈਣ ਵਾਲੇ ਸੈਕੰਡਰੀ ਸਕੂਲ ਅਤੇ Jockey Club Ti-I College ਦੇ S1 ਸਥਾਨਾਂ ਸਹਿਤ) ਸਮਰਪਣ ਲਈ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਦੇ ਅਸਲ ਦੇ ਨਾਲ ਇੱਕ ਦਸਤਖਤ ਕੀਤੇ ਮਾਪਿਆਂ ਦੇ ਅੰਡਰਟੇਕਿੰਗ ਦੀ ਪੇਸ਼ਕਸ਼ ਕਰਨ ਵਾਲੇ S1 ਸਥਾਨਾਂ ਨੂੰ ਸਵੀਕਾਰ ਕਰੇਗਾ, ਤਾਂ ਜੋ ਸਬੰਧਤ ਵਿਦਿਆਰਥੀਆਂ ਨੂੰ ਉਸੇ ਸਮੇਂ ਵਿੱਚ ਦੋ ਸਬਸਿਡੀ ਵਾਲੇ ਸੈਕੰਡਰੀ ਸਕੂਲ ਸਥਾਨਾਂ 'ਤੇ ਕਬਜ਼ਾ ਕਰਨ ਤੋਂ ਰੋਕਿਆ ਜਾ ਸਕੇ। ਸੂਚਨਾ ਪ੍ਰਬੰਧਾਂ ਦੇ ਤਹਿਤ, ਜੇਕਰ ਵਿਦਿਆਰਥੀਆਂ ਨੂੰ ਸਫਲ DP ਬਿਨੈਕਾਰਾਂ (Jockey Club Ti-I College ਸਮੇਤ) ਦੇ ਰੂਪ ਵਿੱਚ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਸੂਚਿਤ ਕੀਤਾ ਗਿਆ ਹੈ ਅਤੇ ਉਹਨਾਂ ਕੋਲ ਇੱਕ NDSS ਸੈਕੰਡਰੀ ਸਕੂਲ ਦੁਆਰਾ ਪੇਸ਼ਕਸ਼ ਕੀਤੀ S1 ਸਥਾਨ ਵੀ ਹੈ, ਤਾਂ ਉਹਨਾਂ ਨੂੰ ਇੱਕ ਨਿਸ਼ਚਿਤ ਸਮੇਂ ਦੇ ਅੰਦਰ ਅਪ੍ਰੈਲ 2025 ਵਿੱਚ (ਅਰਥਾਤ ਮਾਰਚ 2025 ਦੇ ਅਖੀਰ ਵਿੱਚ ਸਫਲ DP ਬਿਨੈਕਾਰਾਂ ਵਜੋਂ ਸਕੂਲਾਂ ਤੋਂ ਸੂਚਨਾਵਾਂ ਪ੍ਰਾਪਤ ਕਰਨ ਤੋਂ ਬਾਅਦ ਲਗਭਗ 5 ਕੰਮਕਾਜੀ ਦਿਨਾਂ ਦੇ ਅੰਦਰ NDSS ਸੈਕੰਡਰੀ ਸਕੂਲ ਤੋਂ ਪੇਸ਼ਕਸ਼ ਨੂੰ ਅਸਵੀਕਾਰ ਕਰਨ ਜਾਂ ਨਾ ਕਰਨ ਦਾ ਫੈਸਲਾ ਕਰਨਾ ਚਾਹੀਦਾ ਹੈ। ਸਾਧਾਰਣ ਹਾਲਤਾਂ ਵਿੱਚ SSPA 2025 ਲਈ NDSS ਸੈਕੰਡਰੀ ਸਕੂਲਾਂ ਨੂੰ ਸੂਚਨਾ ਦੇਣ ਦੀ ਆਖਰੀ ਮਿਤੀ 8 ਅਪ੍ਰੈਲ 2025 ਹੈ)। ਜੇਕਰ ਮਾਪੇ ਸਬੰਧਤ NDSS ਸੈਕੰਡਰੀ ਸਕੂਲਾਂ ਨੂੰ ਸੂਚਿਤ ਨਹੀਂ ਕਰਦੇ ਹਨ ਅਤੇ ਨਿਰਧਾਰਤ ਸਮੇਂ ਦੇ ਅੰਦਰ ਹਸਤਾਖਰ ਕੀਤੇ ਮਾਪਿਆਂ ਦੇ ਅੰਡਰਟੇਕਿੰਗ ਦੇ ਮੂਲ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਨੂੰ ਮੁੜ ਪ੍ਰਾਪਤ ਨਹੀਂ ਕਰਦੇ ਹਨ, ਤਾਂ ਮੌਜੂਦਾ ਵਿਧੀ ਦੇ ਤਹਿਤ, ਸਬੰਧਤ ਵਿਦਿਆਰਥੀਆਂ ਨੂੰ ਅਜੇ ਵੀ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸਫਲ ਸੂਚੀ ਵਿੱਚ ਸ਼ਾਮਲ ਕੀਤਾ ਜਾਵੇਗਾ। NDSS ਸਕੂਲਾਂ ਦੇ ਅਪ੍ਰੈਲ-2025 ਦੇ ਅਖੀਰ ਤੱਕ ਜਮ੍ਹਾ ਕੀਤੇ ਜਾਣੇ ਹਨ ਅਤੇ ਇਸ ਤਰ੍ਹਾਂ ਉਹਨਾਂ ਨੂੰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੇ S1 ਸਥਾਨਾਂ ਨਾਲ ਅਲਾਟ ਨਹੀਂ ਕੀਤਾ ਜਾਵੇਗਾ, ਸਮੇਤ ਉਹਨਾਂ ਦੇ ਜਿਨ੍ਹਾਂ ਨੂੰ ਸਫਲ DP ਬਿਨੈਕਾਰਾਂ ਵਜੋਂ ਚੁਣਿਆ ਗਿਆ ਹੋਵੇ।

**(24) ਪ੍ਰ ਕੀ NDSS ਸੈਕੰਡਰੀ ਸਕੂਲ ਮਾਪਿਆਂ ਦੇ ਹਸਤਾਖਰ ਕੀਤੇ ਹੋਏ ਮੂਲ ਮਾਤਾ-ਪਿਤਾ ਦੀ ਅੰਡਰਟੇਕਿੰਗ ਅਤੇ ਵਿਦਿਆਰਥੀ ਦੇ ਪ੍ਰਾਇਮਰੀ 6 ਰਿਕਾਰਡ ਫਾਰਮ ਨੂੰ ਮੁੜ ਪ੍ਰਾਪਤ ਕਰਨ ਲਈ ਮਾਪਿਆਂ ਦੀਆਂ ਬੇਨਤੀਆਂ ਨੂੰ ਅਸਵੀਕਾਰ ਕਰ ਸਕਦੇ ਹਨ?**

ੳ ਮਾਪਿਆਂ ਦੇ ਫੈਸਲੇ ਦੀ ਪੁਸ਼ਟੀ ਵਜੋਂ ਦਸਤਖਤ ਕੀਤੇ ਮਾਪੇ ਦੇ ਮੂਲ ਮਾਤਾ-ਪਿਤਾ ਦੀ ਅੰਡਰਟੇਕਿੰਗ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮਾਂ ਦੇ ਮੂਲ ਨੂੰ ਇਕੱਤਰ ਕਰਨ ਦੀ ਮੌਜੂਦਾ ਪ੍ਰਣਾਲੀ ਜਨਤਕ ਸਰੋਤਾਂ ਦੀ ਵਰਤੋਂ ਨੂੰ ਸੁਯੋਗ ਬਣਾਉਣ ਅਤੇ ਸਬੰਧਿਤ ਵਿਦਿਆਰਥੀਆਂ ਨੂੰ ਇੱਕੋ ਸਮੇਂ 'ਤੇ ਦੋ ਸਬਸਿਡੀ ਵਾਲੇ ਸੈਕੰਡਰੀ ਸਕੂਲ ਸਥਾਨਾਂ 'ਤੇ ਕਬਜ਼ਾ ਕਰਨ ਤੋਂ ਰੋਕਣ ਦੇ ਸਿਧਾਂਤ 'ਤੇ ਆਧਾਰਿਤ ਹੈ। ਸੂਚਨਾ ਪ੍ਰਬੰਧਾਂ ਦੇ ਤਹਿਤ, ਜੇਕਰ ਸਫਲ DP ਬਿਨੈਕਾਰਾਂ ਦੇ ਮਾਪੇ NDSS ਸੈਕੰਡਰੀ ਸਕੂਲਾਂ ਤੋਂ ਪੇਸ਼ਕਸ਼ ਨੂੰ ਅਸਵੀਕਾਰ ਕਰਨ ਦਾ ਫੈਸਲਾ ਕਰਦੇ ਹਨ, ਤਾਂ ਉਹਨਾਂ ਨੂੰ ਸਬੰਧਤ NDSS ਸੈਕੰਡਰੀ ਸਕੂਲਾਂਨੂੰ ਸੂਚਿਤ ਕਰਨਾ ਚਾਹੀਦਾ ਹੈ ਅਤੇ ਇੱਕ ਨਿਸ਼ਚਤ ਸਮੇਂ ਦੇ ਅੰਦਰ ਹਸਤਾਖਰ ਕੀਤੇ ਮਾਤਾ-ਪਿਤਾ ਦੇ ਅੰਡਰਟੇਕਿੰਗ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਦੀ ਅਸਲ ਪ੍ਰਾਪਤ ਕਰ ਸਕਦੇ ਹਨ। ਫਾਰਮ (ਅਰਥਾਤ ਮਾਰਚ 2025 ਦੇ ਅੰਤ ਵਿੱਚ ਸਫਲ DP ਬਿਨੈਕਾਰਾਂ ਵਜੋਂ ਸਕੂਲਾਂ ਤੋਂ ਸੂਚਨਾ ਪ੍ਰਾਪਤ ਕਰਨ ਦੇ ਲਗਭਗ 5 ਕੰਮ-ਕਾਜ ਦੇ ਦਿਨਾਂ ਦੇ ਅੰਦਰ, SSPA 2025 ਲਈ NDSS secondary schools ਨੂੰ ਸੂਚਨਾ ਦੇਣ ਦੀ ਆਖਰੀ ਮਿਤੀ ਸਾਧਾਰਤਣ ਹਾਲਤਾਂ ਵਿੱਚ 8 ਅਪ੍ਰੈਲ 2025 ਹੈ)। NDSS ਸੈਕੰਡਰੀ ਸਕੂਲਾਂਨੂੰ ਮਾਪਿਆਂ ਦੀ ਬੇਨਤੀ 'ਤੇ ਸੰਬੰਧਿਤ ਦਸਤਾਵੇਜ਼ ਵਾਪਸ ਕਰਨੇ ਪੈਣਗੇ। ਇੱਕ ਵਾਰ ਦਸਤਖਤ ਕੀਤੇ ਮਾਪਿਆਂ ਦੇ ਅੰਡਰਟੇਕਿੰਗ ਦੀ ਅਸਲ ਪ੍ਰਾਪਤੀ ਪ੍ਰਾਪਤ ਹੋ ਜਾਣਾ, ਇਸ ਗੱਲ ਦੀ ਪੁਸ਼ਟੀ ਕਰੇਗਾ ਕਿ ਮਾਤਾ-ਪਿਤਾ ਨੇ NDSS ਸੈਕੰਡਰੀ ਸਕੂਲਾਂ ਵਿੱਚ ਸਕੂਲ ਸਥਾਨਾਂ ਨੂੰ ਸਮਰਪਣ ਕਰ ਦਿੱਤਾ ਹੈ। ਅਜਿਹੀ ਸਥਿਤੀ ਵਿੱਚ ਮਾਪਿਆਂ ਨੂੰ ਫੈਸਲਾ ਲੈਣ ਤੋਂ ਪਹਿਲਾਂ ਸਮਝਦਾਰੀ ਨਾਲ ਸੋਚਣਾ ਚਾਹੀਦਾ ਹੈ।

**(25) ਪ੍ਰ ਜੇਕਰ ਸਫਲ DP ਬਿਨੈਕਾਰਾਂ ਦੇ ਮਾਤਾ-ਪਿਤਾ ਇੱਕ ਨਿਸ਼ਚਿਤ ਸਮੇਂ ਦੇ ਅੰਦਰ NDSS ਸੈਕੰਡਰੀ ਸਕੂਲਾਂ ਤੋਂ ਹਸਤਾਖਰ ਕੀਤੇ ਮਾਪਿਆਂ ਦੇ ਅੰਡਰਟੇਕਿੰਗ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਦੇ ਅਸਲ ਦਸਤਾਵੇਜ਼ ਪ੍ਰਾਪਤ ਨਹੀਂ ਕਰਦੇ ਹਨ, ਤਾਂ ਕੀ ਉਹ ਬਾਅਦ ਵਿੱਚ NDSS ਸੈਕੰਡਰੀ ਸਕੂਲਾਂ ਵਿੱਚ ਸਕੂਲ ਸਥਾਨਾਂ ਨੂੰ ਸਮਰਪਣ ਕਰਨ ਲਈ ਸਬੰਧਿਤ ਸਕੂਲਾਂ ਤੋਂ ਇਹਨਾਂ ਦਸਤਾਵੇਜ਼ਾਂ ਨੂੰ ਪ੍ਰਾਪਤ ਕਰ ਸਕਦੇ ਹਨ?**

ੳ ਮੌਜੂਦਾ ਪ੍ਰਬੰਧਾਂ ਤਹਿਤ, ਮਾਪੇ NDSS ਸੈਕੰਡਰੀ ਸਕੂਲਾਂ ਦੇ ਪ੍ਰਸਤਾਵਾਂ ਦੀ ਸਵੀਕ੍ਰਿਤੀ ਦੀ ਪੁਸ਼ਟੀ ਅਤੇ SSPA ਸਿਸਟਮ ਰਾਹੀਂ ਵੰਡੇ ਜਾਣ ਵਾਲੇ ਹੋਰ S1 ਸਥਾਨਾਂ (ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਅਤੇ Jockey Club Ti-I College ਵਿੱਚ S1 ਸਕੂਲ ਦੀ ਜਗ੍ਹਾ ਸਮੇਤ) ਨੂੰ ਤਿਆਗਣ ਸਬੰਧੀ NDSS ਸੈਕੰਡਰੀ ਸਕੂਲਾਂ ਨੂੰ ਹਸਤਾਖਰ ਕੀਤੇ ਗਏ ਮਾਤਾ-ਪਿਤਾ ਦੀ ਅੰਡਰਟੇਕਿੰਗ ਦੇ ਅਸਲ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਜਮ੍ਹਾਂ ਕਰਵਾਉਣਗੇ ।

ਸੂਚਨਾ ਪ੍ਰਬੰਧਾਂ ਦੇ ਤਹਿਤ, ਕਿਉਂਕਿ ਕੁਝ ਵਿਦਿਆਰਥੀ ਸਫਲ DP ਬਿਨੈਕਾਰਾਂ ਵਜੋਂ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਸੂਚਨਾ ਪ੍ਰਾਪਤ ਕਰਨ ਤੋਂ ਬਾਅਦ NDSS ਸੈਕੰਡਰੀ ਸਕੂਲਾਂ ਦੁਆਰਾ ਪੇਸ਼ ਕੀਤੇ ਗਏ ਸਕੂਲ ਸਥਾਨਾਂ ਨੂੰ ਰੱਦ ਕਰ ਸਕਦੇ ਹਨ, ਸਬੰਧਤ ਮਾਪਿਆਂ ਨੂੰ ਇੱਕ ਖਾਸ ਮਿਆਦ ਦੇ ਅੰਦਰ NDSS ਸੈਕੰਡਰੀ ਸਕੂਲਾਂ ਤੋਂ ਦਸਤਖਤ ਕੀਤੇ ਗਏ ਮੂਲ ਮਾਪਿਆਂ ਦੀ ਅੰਡਰਟੇਕਿੰਗ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਨੂੰ ਪ੍ਰਾਪਤ ਕਰਨੇ ਚਾਹੀਦੇ ਹਨ ਤਾਂ ਜੋ ਤਾਂ ਜੋ NDSS ਸੈਕੰਡਰੀ ਸਕੂਲ ਦੇ ਖਾਲੀ ਸਥਾਨਾਂ ਨੂੰ ਭਰਨ ਲਈ ਆਪਣੀ ਉਡੀਕ ਸੂਚੀ ਦੇ ਅਨੁਸਾਰ ਹੋਰਨਾਂ ਵਿਦਿਆਰਥੀਆਂ ਨੂੰ ਦਾਖਲਾ ਦੇ ਸਕਣ ਅਤੇ ਅਪ੍ਰੈਲ 2025 ਦੇ ਆਖੀਰ ਤੱਕ ਆਪਣੀ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸਫਲ ਸੂਚੀ EDB ਨੂੰ ਪੇਸ਼ ਕਰ ਸਕਣ। ਇਸ ਸਬੰਧ ਵਿੱਚ, ਸਾਧਾਰਣ ਹਾਲਤਾਂ ਵਿੱਚ, ਨਿਸ਼ਚਿਤ ਸਮੇਂ ਤੋਂ ਬਾਅਦ, ਸਫਲ DP ਬਿਨੈਕਾਰਾਂ ਦੇ ਮਾਪਿਆਂ ਨੂੰ NDSS ਸੈਕੰਡਰੀ ਸਕੂਲਾਂ ਤੋਂ ਮੂਲ ਹਸਤਾਖਰ ਕੀਤੇ ਮਾਪਿਆਂ ਦੇ ਅੰਡਰਟੇਕਿੰਗ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਨੂੰ ਮੁੜ ਪ੍ਰਾਪਤ ਨਹੀਂ ਕਰਨਾ ਚਾਹੀਦਾ ਹੈ।

**(26) ਪ੍ਰ ਜੇ ਮਾਪਿਆਂ ਨੇ ਪ੍ਰਾਪਤ ਹੋਏ ਸਕੂਲ ਦੇ ਸਥਾਨਾਂ ਦੇ ਛੱਡਣ ਦੀ ਪੁਸ਼ਟੀ ਕਰਨ ਲਈ NDSS ਸੈਕੰਡਰੀ ਸਕੂਲਾਂ ਤੋਂ ਦਸਤਖਤ ਕੀਤੇ ਅਸਲ ਮਾਪਿਆਂ ਦੇ ਅੰਡਰਟੇਕਿੰਗ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਪ੍ਰਾਪਤ ਕਰ ਲਿਆ ਹੈ, ਤਾਂ ਕੀ ਉਹ ਸਬੰਧਿਤ NDSS ਸੈਕੰਡਰੀ ਸਕੂਲਾਂ ਨੂੰ ਭਵਿੱਖ ਵਿੱਚ ਆਪਣੇ ਬੱਚਿਆਂ ਨੂੰ ਦੁਬਾਰਾ ਦਾਖਲ ਕਰਨ ਲਈ ਬੇਨਤੀ ਕਰ ਸਕਦੇ ਹਨ?**

ਉ ਜੇਕਰ ਮਾਤਾ-ਪਿਤਾ ਨੇ NDSS ਸੈਕੰਡਰੀ ਸਕੂਲਾਂ ਤੋਂ ਹਸਤਾਖਰ ਕੀਤੇ ਮਾਪਿਆਂ ਦੇ ਅੰਡਰਟੇਕਿੰਗ ਅਤੇ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਦੇ ਮੂਲ ਪ੍ਰਾਪਤ ਕੀਤੇ ਹਨ, ਤਾਂ ਇਹ ਦਰਸਾਉਂਦਾ ਹੈ ਕਿ ਉਹਨਾਂ ਨੇ NDSS ਸੈਕੰਡਰੀ ਸਕੂਲਾਂ ਦੁਆਰਾ ਪੇਸ਼ ਕੀਤੀਆਂ ਥਾਵਾਂ ਨੂੰ ਛੱਡਣ ਦਾ ਫੈਸਲਾ ਕੀਤਾ ਹੈ। ਜੁਲਾਈ 2025 ਵਿੱਚ SSPA ਨਤੀਜਿਆਂ ਦੇ ਜਾਰੀ ਹੋਣ ਤੋਂ ਬਾਅਦ, ਜੇਕਰ ਮਾਪੇ ਸਬੰਧਤ NDSS ਸੈਕੰਡਰੀ ਸਕੂਲਾਂ ਵਿੱਚ S1 ਸਥਾਨਾਂ ਲਈ ਮੁੜ-ਅਪਲਾਈ ਕਰਨਾ ਚਾਹੁੰਦੇ ਹਨ, ਤਾਂ ਸਕੂਲ ਇਹ ਫੈਸਲਾ ਕਰ ਸਕਦੇ ਹਨ ਕਿ ਉਹਨਾਂ ਦੇ ਸਕੂਲ-ਅਧਾਰਿਤ ਵਿਦਿਆਰਥੀ ਦਾਖਲਾ ਵਿਧੀ ਅਨੁਸਾਰ ਵਿਦਿਆਰਥੀਆਂ ਨੂੰ ਦਾਖਲਾ ਦੇਣਾ ਹੈ ਜਾਂ ਨਹੀਂ।

**(27) ਪ੍ਰ ਜੇਕਰ ਵਿਦਿਆਰਥੀਆਂ ਨੂੰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਵਿੱਚ ਸਫਲ DP ਬਿਨੈਕਾਰਾਂ ਵਜੋਂ ਭਾਗ ਲੈਣ ਦੁਆਰਾ ਸੂਚਿਤ ਨਹੀਂ ਕੀਤਾ ਗਿਆ ਹੈ, ਤਾਂ ਕੀ ਇਸਦਾ ਮਤਲਬ ਇਹ ਹੈ ਕਿ ਉਹਨਾਂ ਨੂੰ DP ਪੱਧਰ 'ਤੇ ਸਕੂਲ ਦਾ ਸਥਾਨ ਨਹੀਂ ਦਿੱਤਾ ਜਾਵੇਗਾ?**

ਉ ਸੂਚਨਾ ਪ੍ਰਬੰਧਾਂ ਦੇ ਤਹਿਤ, ਕੁਝ ਵਿਦਿਆਰਥੀ ਭਾਗ ਲੈਣ ਵਾਲੇ ਦੋ ਸੈਕੰਡਰੀ ਸਕੂਲਾਂ ਤੋਂ ਉਹਨਾਂ ਦੀਆਂ ਸਫਲ DP ਬਿਨੈ-ਪੱਤਰਾਂ ਦੀਆਂ ਸੂਚਨਾਵਾਂ ਪ੍ਰਾਪਤ ਕਰ ਸਕਦੇ ਹਨ ਅਤੇ ਅੰਤ ਵਿੱਚ ਉਹਨਾਂ ਨੂੰ ਮੌਜੂਦਾ SSPA ਕਾਰਜ-ਵਿਧੀ ਦੇ ਅਨੁਸਾਰ ਉਹਨਾਂ ਦੀ ਪਹਿਲੀ ਪਸੰਦ ਦੇ ਸਕੂਲਾਂ ਨੂੰ ਵੰਡਿਆ ਜਾਵੇਗਾ, ਇੱਕ ਸਕੂਲ ਵਿੱਚ ਥਾਂ ਛੱਡ ਕੇ। ਇਸ ਤੋਂ ਇਲਾਵਾ, ਕੁਝ ਸਫਲ ਬਿਨੈਕਾਰ ਉਹਨਾਂ ਦੁਆਰਾ ਪ੍ਰਾਪਤ ਕੀਤੀ DP ਨੂੰ ਤਿਆਗ ਸਕਦੇ ਹਨ ਅਤੇ NDSS ਸੈਕੰਡਰੀ ਸਕੂਲਾਂ ਦੁਆਰਾ ਪੇਸ਼ ਕੀਤੀਆਂ ਥਾਵਾਂ ਨੂੰ ਸਵੀਕਾਰ ਕਰ ਸਕਦੇ ਹਨ। ਪਹਿਲਾਂ ਸਫਲ DP ਬਿਨੈਕਾਰਾਂ ਨੂੰ ਅਲਾਟ ਕੀਤੇ ਇਹ ਸਥਾਨ ਉਪਲਬਧ/ ਖਾਲੀ ਹੋ ਜਾਣਗੇ। ਇਸ ਲਈ, ਕੁਝ ਵਿਦਿਆਰਥੀ ਜਿਨ੍ਹਾਂ ਨੂੰ ਸੂਚਿਤ ਨਹੀਂ ਕੀਤਾ ਗਿਆ ਹੈ, ਨੂੰ ਰਾਖਵੇਂ ਬਿਨੈਕਾਰਾਂ ਦੇ ਤੌਰ ਤੇ DP ਪੜਾਅ ਵਿੱਚ ਅਪਲਾਈ ਕਰਨ ਵਾਲੇ ਸਕੂਲਾਂ ਵਿੱਚ S1 ਸਥਾਨਾਂ ਨਾਲ ਅਲਾਟ ਕੀਤਾ ਜਾ ਸਕਦਾ ਹੈ।

**(28) ਪ੍ਰ ਕੀ ਮਾਪੇ ਦੂਜੇ ਤਰਜੀਹੀ ਸੈਕੰਡਰੀ ਸਕੂਲਾਂ ਨਾਲ ਸੰਪਰਕ ਕਰ ਸਕਦੇ ਹਨ ਅਤੇ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਨੂੰ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਵੀ ਦਾਖਲੇ ਲਈ ਬਿਨੈ-ਪੱਤਰ ਦੇ ਸਕਦੇ ਹਨ?**

ਉ ਮੌਜੂਦਾ SSPA ਕਾਰਜ-ਵਿਧੀ ਦੇ ਤਹਿਤ, ਸਕੂਲਾਂ ਦੇ S1 ਸਥਾਨਾਂ ਨੂੰ, ਰੀਪੀਟਰ ਅਤੇ DP ਕੋਟਾ ਕੱਟਣ ਤੋਂ ਬਾਅਦ, CA ਲਈ ਵਰਤਿਆ ਜਾਵੇਗਾ। ਸੈਕੰਡਰੀ ਸਕੂਲਾਂ ਨੂੰ ਜੁਲਾਈ 2025 ਵਿੱਚ ਵੰਡ ਨਤੀਜੇ ਜਾਰੀ ਹੋਣ ਤੋਂ ਪਹਿਲਾਂ ਕਿਸੇ ਵੀ ਸੰਭਾਵਿਤ ਅਣਵਰਤੀ ਥਾਂ ਨੂੰ ਭਰਨ ਲਈ ਕੋਈ ਵੀ ਦਾਖਲਾ ਪ੍ਰਕਿਰਿਆਵਾਂ (ਬਿਨੈ ਪੱਤਰ ਸਵੀਕਾਰ ਕਰਨ, ਵਿਦਿਆਰਥੀਆਂ ਨੂੰ ਚੁਣਨ ਜਾਂ ਦਾਖਲ ਕਰਨ ਦੀਆਂ ਪ੍ਰਕਿਰਿਆਵਾਂ ਸਮੇਤ) ਦਾ ਆਯੋਜਨ ਨਹੀਂ ਕਰਨਾ ਚਾਹੀਦਾ ਹੈ। ਇਹ ਮਾਪਿਆਂ ਅਤੇ ਵਿਦਿਆਰਥੀਆਂ 'ਤੇ ਅਣਉਚਿਤ ਹਾਲਾਤ ਅਤੇ ਬੇਲੋੜਾ ਦਬਾਅ ਪੈਦਾ ਕਰਨ ਤੋਂ ਬਚਣ ਲਈ ਹੈ। ਇਸ ਤਰ੍ਹਾਂ, ਸਕੂਲਾਂ ਦੇ ਸੰਚਾਲਨ ਨੂੰ ਪ੍ਰਭਾਵਿਤ ਕਰਨ ਤੋਂ ਬਚਣ ਲਈ ਮਾਪਿਆਂ ਨੂੰ ਵੰਡ ਨਤੀਜੇ ਜਾਰੀ ਕਰਨ ਤੋਂ ਪਹਿਲਾਂ ਦੂਜੇ ਤਰਜੀਹੀ ਸੈਕੰਡਰੀ ਸਕੂਲਾਂ ਤੱਕ ਨਹੀਂ ਪਹੁੰਚਣਾ ਚਾਹੀਦਾ।

**(29) ਪ੍ਰ ਕੀ ਭਾਗ ਲੈਣ ਵਾਲੇ ਪ੍ਰਾਇਮਰੀ ਸਕੂਲਾਂ ਨੂੰ ਅਜੇ ਵੀ ਉਹਨਾਂ ਵਿਦਿਆਰਥੀਆਂ ਦੇ ਅੰਦਰੂਨੀ ਮੁਲਾਂਕਣ ਨਤੀਜੇ ਜਮ੍ਹਾ ਕਰਨ ਦੀ ਲੋੜ ਹੈ ਜੋ ਉਹਨਾਂ ਦੇ ਵੰਡ ਬੈਂਡਾਂ ਦੀ ਗਣਨਾ ਕਰਨ ਲਈ ਸਫਲ DP ਬਿਨੈਕਾਰਾਂ ਵਜੋਂ ਸੂਚਿਤ ਕੀਤੇ ਗਏ ਹਨ?**

ਉ ਸੂਚਨਾ ਪ੍ਰਬੰਧਾਂ ਦੇ ਤਹਿਤ, ਮੌਜੂਦਾ SSPA ਵਿਧੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ। ਭਾਗ ਲੈਣ ਵਾਲੇ ਪ੍ਰਾਇਮਰੀ ਸਕੂਲਾਂ ਨੂੰ ਅਜੇ ਵੀ ਪ੍ਰਾਇਮਰੀ 5 ਦੇ ਅੰਤ ਵਿੱਚ, ਦੇ ਮੱਧ ਵਿੱਚ ਅਤੇ ਪ੍ਰਾਇਮਰੀ 6 ਦੇ ਅੰਤ ਵਿੱਚ ਸਾਰੇ ਵਿਦਿਆਰਥੀਆਂ (ਸਮੇਤ DP ਬਿਨੈਕਾਰਾਂ ਵਜੋਂ ਭਾਗ ਲੈਣ ਵਾਲੇ ਸਕੂਲਾਂ ਜਾਂ NDSS ਸੈਕੰਡਰੀ ਸਕੂਲਾਂ ਦੁਆਰਾ ਭਰਤੀ ਕੀਤੇ ਗਏ) ਲਈ ਅੰਦਰੂਨੀ ਮੁਲਾਂਕਣ (IA) ਨਤੀਜੇ ਜਮ੍ਹਾਂ ਕਰਾਉਣ ਦੀ ਲੋੜ ਹੈ। CA ਪੜਾਅ ਵਿੱਚ, ਖੇਤਰੀ/ਇੱਕੋ ਸਕੂਲ ਨੈੱਟ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੇ ਸਕੇਲ ਕੀਤੇ ਅੰਕ ਕੰਪਿਊਟਰ ਦੁਆਰਾ ਮੈਰਿਟ ਦੇ ਕ੍ਰਮ ਵਿੱਚ ਰੱਖੇ ਜਾਣਗੇ। ਫਿਰ ਵਿਦਿਆਰਥੀਆਂ ਨੂੰ ਤਿੰਨ ਖੇਤਰੀ/ਨੈੱਟ ਬੈਂਡਾਂ ਵਿੱਚ ਬਰਾਬਰ ਵੰਡਿਆ ਜਾਵੇਗਾ, ਹਰੇਕ ਵਿੱਚ ਖੇਤਰ/ਇੱਕੋ ਸਕੂਲ ਨੈੱਟ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਕੁੱਲ ਸੰਖਿਆ ਦਾ ਇੱਕ ਤਿਹਾਈ ਹਿੱਸਾ ਹੋਵੇਗਾ। ਦੂਜੇ ਸ਼ਬਦਾਂ ਵਿੱਚ, ਹਰੇਕ ਬੈਂਡ ਵਿੱਚ ਵਿਦਿਆਰਥੀਆਂ ਦੀ ਗਿਣਤੀ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਕੁੱਲ ਸੰਖਿਆ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਸੂਚਨਾ ਪ੍ਰਬੰਧਾਂ ਦੇ ਤਹਿਤ, ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ (ਜਿਨ੍ਹਾਂ ਨੂੰ ਸਫਲ DP ਬਿਨੈਕਾਰਾਂ ਵਜੋਂ ਸੂਚਿਤ ਕੀਤਾ ਗਿਆ ਹੈ) ਦੇ ਵੰਡ ਬੈਂਡਾਂ ਦੀ ਗਣਨਾ ਉਹਨਾਂ ਦੇ ਸਕੇਲ ਕੀਤੇ IA ਨਤੀਜਿਆਂ ਦੇ ਆਧਾਰ 'ਤੇ ਕੀਤੀ ਜਾਵੇਗੀ।

**(30) ਪ੍ਰ EDB ਅਪ੍ਰੈਲ 2025 ਦੇ ਸ਼ੁਰੂ ਵਿੱਚ ਹਰੇਕ ਭਾਗ ਲੈਣ ਵਾਲੇ ਪ੍ਰਾਇਮਰੀ ਸਕੂਲ ਨੂੰ ਸਫਲ DP ਬਿਨੈਕਾਰਾਂ ਦੀ ਉਹਨਾਂ ਦੀ ਸੂਚੀ ਕਿਉਂ ਪ੍ਰਦਾਨ ਕਰਨ ਜਾ ਰਿਹਾ ਹੈ?**

ਉ EDB ਹਰੇਕ ਭਾਗ ਲੈਣ ਵਾਲੇ ਪ੍ਰਾਇਮਰੀ ਸਕੂਲ ਨੂੰ ਅਪ੍ਰੈਲ 2025 ਦੇ ਸ਼ੁਰੂ ਵਿੱਚ ਸਫਲ DP ਬਿਨੈਕਾਰਾਂ ਦੀ ਆਪਣੀ ਸੂਚੀ ਪ੍ਰਦਾਨ ਕਰੇਗਾ ਤਾਂ ਜੋ ਪ੍ਰਾਇਮਰੀ ਸਕੂਲਾਂ ਵੱਲੋਂ ਸਬੰਧਤ ਮਾਪਿਆਂ ਨੂੰ ਯਾਦ ਕਰਵਾਇਆ ਜਾਵੇ ਕਿ ਉਨ੍ਹਾਂ ਨੂੰ CA ਪੱਧਰ 'ਤੇ ਸਕੂਲ ਦੀ ਚੋਣ ਕਰਨ ਦੀ ਲੋੜ ਨਹੀਂ ਹੈ ਅਤੇ ਜਿਹੜੇ ਵਿਦਿਆਰਥੀਆਂ ਨੂੰ CA ਦੀ ਤਿਆਰੀ ਵਿੱਚ ਨੋਟੀਫਿਕੇਸ਼ਨ ਨਹੀਂ ਮਿਲਦਾ ਹੈ, ਉਨ੍ਹਾਂ ਨੂੰ ਉਚਿਤ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਸਬੰਧਤ ਸੈਕੰਡਰੀ ਸਕੂਲਾਂ ਦੇ ਨਾਂ, DP ਬਿਨੈ-ਪੱਤਰਾਂ ਵਿੱਚ ਸਕੂਲ ਦੀ ਤਰਜੀਹ ਦਾ ਕ੍ਰਮ ਅਤੇ ਕੀ ਵਿਦਿਆਰਥੀ ਇੱਕ ਜਾਂ ਦੋ ਸੈਕੰਡਰੀ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਵਜੋਂ ਚੁਣੇ ਗਏ ਹਨ, ਸੂਚੀਆਂ ਵਿੱਚ ਨਹੀਂ ਦਿਖਾਇਆ ਜਾਵੇਗਾ।

**(31) ਪ੍ਰ ਕੀ ਪ੍ਰਾਇਮਰੀ ਜਾਂ ਸੈਕੰਡਰੀ ਸਕੂਲ ਜਨਤਕ ਤੌਰ ਤੇ ਉਹਨਾਂ ਵਿਦਿਆਰਥੀਆਂ ਦੇ ਅਨੁਪਾਤ ਜਾਂ ਸੰਖਿਆ ਦਾ ਖੁਲਾਸਾ ਕਰ ਸਕਦੇ ਹਨ ਜਿਨ੍ਹਾਂ ਨੂੰ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਵਜੋਂ ਸੂਚਿਤ ਕੀਤਾ ਜਾਂਦਾ ਹੈ?**

ਉ ਸੂਚਨਾ ਪ੍ਰਬੰਧਾਂ ਦੇ ਤਹਿਤ, ਵਿਅਕਤੀਗਤ ਵਿਦਿਆਰਥੀਆਂ ਨੂੰ ਦੋ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਵਜੋਂ ਚੁਣਿਆ ਜਾ ਸਕਦਾ ਹੈ। ਉਹਨਾਂ ਨੂੰ ਅੰਤ ਵਿੱਚ ਉਹਨਾਂ ਦੀ ਪਹਿਲੀ ਪਸੰਦ ਦੇ ਸਕੂਲਾਂ ਵਿੱਚ ਅਲਾਟ ਕੀਤਾ ਜਾਵੇਗਾ, ਜਦੋਂ ਕਿ ਕੁਝ ਸਫਲ ਬਿਨੈਕਾਰ NDSS ਸੈਕੰਡਰੀ ਸਕੂਲਾਂ ਵਿੱਚ ਪੜ੍ਹਨ ਦੀ ਚੋਣ ਕਰ ਸਕਦੇ ਹਨ। ਇਸ ਲਈ, ਕੁਝ ਵਿਦਿਆਰਥੀ ਜਿਨ੍ਹਾਂ ਨੂੰ ਸਫਲ DP ਬਿਨੈਕਾਰਾਂ ਵਜੋਂ ਨਹੀਂ ਚੁਣਿਆ ਗਿਆ ਹੈ, ਨੂੰ ਅਜੇ ਵੀ ਰਿਜ਼ਰਵ ਬਿਨੈਕਾਰਾਂ ਦੀ ਸਮਰੱਥਾ ਵਿੱਚ DP ਅਲਾਟ ਕੀਤੇ ਜਾਣ ਦਾ ਮੌਕਾ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿੱਚ, ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਵਜੋਂ ਸੂਚਿਤ ਕੀਤੇ ਗਏ ਵਿਦਿਆਰਥੀਆਂ ਦਾ ਅਨੁਪਾਤ ਜਾਂ ਸੰਖਿਆ ਅੰਤਿਮ DP ਐਪਲੀਕੇਸ਼ਨ ਨਤੀਜੇ ਨਹੀਂ ਹਨ। ਕਿਸੇ ਸਕੂਲ ਦੇ ਇਖਤਿਆਰੀ ਸਥਾਨਾਂ ਲਈ ਸਫਲ ਸੂਚੀ ਵਿੱਚ ਸ਼ਾਮਲ ਵਿਦਿਆਰਥੀਆਂ ਨੂੰ ਆਖਰਕਾਰ ਉਸ ਸਕੂਲ ਨੂੰ ਅਲਾਟ ਨਹੀਂ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, DP ਪੜਾਅ 'ਤੇ ਵਿਦਿਆਰਥੀਆਂ ਨੂੰ ਸਫਲ ਬਿਨੈਕਾਰ ਵਜੋਂ ਚੁਣਿਆ ਜਾਵੇਗਾ ਜਾਂ ਨਹੀਂ, ਇਹ ਵੱਖ-ਵੱਖ ਕਾਰਕਾਂ ਦੁਆਰਾ ਪ੍ਰਭਾਵਿਤ ਹੁੰਦਾ ਹੈ, ਜਿਸ ਵਿੱਚ ਸਕੂਲਾਂ ਦੀ ਚੋਣ ਕਰਨ ਲਈ ਮਾਪਿਆਂ ਦੀਆਂ ਰਣਨੀਤੀਆਂ, ਬਿਨੈਕਾਰਾਂ ਦੀ ਗਿਣਤੀ, ਦਾਖਲਾ ਮਾਪਦੰਡ ਅਤੇ ਭਾਰ, ਅਤੇ ਸਕੂਲ ਸਥਾਨਾਂ ਦੀ ਗਿਣਤੀ ਆਦਿ ਸ਼ਾਮਲ ਹਨ। ਇਸ ਲਈ, ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਨੂੰ ਆਪਣੀਆਂ ਸਫਲ DP ਅਰਜ਼ੀਆਂ ਦੀਆਂ ਸੂਚਨਾਵਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਅਨੁਪਾਤ ਜਾਂ ਸੰਖਿਆ ਸਬੰਧਤ ਸਕੂਲਾਂ ਦੇ ਅਕਾਦਮਿਕ ਪੱਧਰ ਜਾਂ ਸਮੁੱਚੀ ਕਾਰਗੁਜ਼ਾਰੀ ਦਾ ਅਸਲ ਸੂਚਕ ਨਹੀਂ ਹੈ। ਪ੍ਰਾਇਮਰੀ ਜਾਂ ਸੈਕੰਡਰੀ ਸਕੂਲਾਂ ਨੂੰ CA ਪੜਾਅ 'ਤੇ ਸਕੂਲਾਂ ਦੀ ਚੋਣ ਕਰਨ ਲਈ ਦੂਜੇ ਵਿਦਿਆਰਥੀਆਂ ਦੀਆਂ ਰਣਨੀਤੀਆਂ ਨੂੰ ਪ੍ਰਭਾਵਿਤ ਕਰਨ ਤੋਂ ਬਚਣ ਲਈ ਸੰਬੰਧਿਤ ਜਾਣਕਾਰੀ/ਡੇਟਾ ਦਾ ਖੁਲਾਸਾ ਕਰਨ ਦੀ ਇਜਾਜ਼ਤ ਨਹੀਂ ਹੈ।

ਸਕੂਲ ਸਥਾਨ ਵੰਡ ਸੈਕਸ਼ਨ
ਸਿੱਖਿਆ ਬਿਊਰੋ
ਸਤੰਬਰ 2024